AKHAND KIRTANI JATHA (REGD.)

# ਆਤਮ ਰੰਗ

AKHAND KIRTANI JATHA (REGD.)

ਜਿਲਦ ੨੫ ਫਰਵਰੀ 2024 ਮਾਘ-ਫੱਗਣ 555 ਨਾਨਕਸ਼ਾਹੀ February 2024 ਅੰਕ 2

ਗੁਰਮੁਖਿ ਜਨਮੁ ਸਵਾਰਿ, ਦਰਗਹਿ ਚਲਿਆ॥ ਸਚੀ ਦਰਗਹ ਜਾਇ, ਸਚਾ ਪਿੜ ਮਲਿਆ॥
ਗੁਰਮੁਖਿ ਭੋਜਨੁ ਭਾਉ, ਚਾਉ ਅਲਲਿਆ॥ ਗੁਰਮੁਖਿ ਨਿਹਚਲੁ ਚਿਤੁ, ਨ ਹਲੈ ਹਲਿਆ॥
ਗੁਰਮੁਖਿ ਸਚੁ ਅਲਾਉ, ਭਲੀ ਹੂੰ ਭਲਿਆ॥ ਗੁਰਮੁਖਿ ਸਦੇ ਜਾਨਿ, ਆਵਨਿ ਘਲਿਆ॥



ਭਾਈ ਸਾਹਿਬ ਭਾਈ ਇੰਦਰਜੀਤ ਸਿੰਘ ਜੀ, ਦਿਆਲਪੁਰ ਵਾਲੇ
04.11.1972 ਤੋਂ 24.12.2023

ਭਾਈ ਸਾਹਿਬ ਭਾਈ ਇੰਦਰਜੀਤ ਸਿੰਘ ਜੀ, ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, ਦਿਆਲਪੁਰ ਕਰਤਾਰਪੁਰ, ਤੇ ਜੱਥੇ ਦੇ ਨਾਮਵਰ ਕੀਰਨੀਏ ਤੇ ਸਪੁੱਤਰ ਮਾਸਟਰ ਗੁਰਬਚਨ ਸਿੰਘ ਜੀ ਪੁਰਾਤਨ ਕੀਰਤਨੀਏ ਅਖੰਡ ਕੀਰਤਨੀ ਜੱਥਾ ਹਮੇਸ਼ਾ ਲਈ ਵਿਛੋੜਾ ਦੇ ਕੇ ਗੁਰੂ ਜੀ ਦੇ ਚਰਣਾਂ ਵਿੱਚ ਜਾ ਵਿਰਾਜੇ ਹਨ।

**ਰਾਮ ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥**
**ਭਗਤਿ ਭਾਇ ਹਰਿ ਕੀਰਤਨੁ ਕਰੀਐ ॥**










ਭਾਈ ਸਾਹਿਬ ਭਾਈ ਇੰਦਰਜੀਤ ਸਿੰਘ ਜੀ, ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, ਦਿਆਲਪੁਰ ਤੇ ਕਰਤਾਰਪੁਰ ਤੇ ਜੱਥੇ ਦੇ ਨਾਮਵਰ ਕੀਰਤਨੀਏ ਜੋ ਮਿਤੀ 24.12.2023 ਨੂੰ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮਿਤੀ 02.01.2024 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਉਪਰੰਤ 9 ਵਜੇ ਤੋਂ ਲੈ ਕੇ 3 ਵਜੇ ਤਕ ਗੁਰਦੁਆਰਾ ਸਾਹਿਬ ਦਿਆਲਪੁਰ ਵਿਖੇ ਹੋਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਸ ਪਿਆਰੇ ਨੂੰ ਅਸੀਸਾਂ ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ ਕਿ ਉਹ ਇਸ ਪਿਆਰੇ ਨੂੰ ਆਵਾਗਮਨ ਦੇ ਚੱਕਰ ਤੋਂ ਬਚਾ ਕੇ ਸਦਾ ਲਈ ਅਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮਨਣ ਦਾ ਬਲ ਬਖਸ਼ਣ

ੴ ਠਾਕੁਰ ਗਾਈਐ ਆਤਮ ਰੰਗਿ ੴ

AKHAND KIRTANI JATHA (REGD.)

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ ਫਰਵਰੀ 2024 ਮਾਘ-ਫੱਗਣ 555 ਨਾਨਕਸ਼ਾਹੀ February 2024 ਅੰਕ 2

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

# ਤਤਕਰਾ


◆ ਸੰਪਾਦਕੀ 5

◆ ਬਾਰਹ ਮਾਹ ਕਥਾ 6

*– ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*

◆ ਅਣਡਿੱਠੀ ਦੁਨੀਆ 7

*– ਪ੍ਰਿੰਸੀਪਲ ਸਜਣ ਸਿੰਘ ਜੀ*

◆ ਕੀਰਤਨ ਦੀ ਮਹੱਤਤਾ 9

*– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

◆ ਪਖੰਡ–ਜੋਗ ਤੇ ਗੁਰਮਤਿ ਨਾਮ–ਜੋਗ 13

*– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

◆ ਅਕਾਲ ਪੁਰਖ 14

*– ਪ੍ਰੋਫੈਸਰ ਗੁਰਮੁਖ ਸਿੰਘ ਜੀ*

◆ ਜੀਅ–ਦਇਆ ਬਿਨਾਂ ਪਰਉਪਕਾਰ ਨਹੀਂ ਹੋ ਸਕਦਾ 16

*– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

◆ ਭਗਤੀ ਤੇ ਸ਼ਕਤੀ ਦਾ ਸੋਮਾ ਸ੍ਰੀ ਅੰਮ੍ਰਿਤਸਰ 18

*– ਭਾਈ ਮਦਨ ਸਿੰਘ ਜੀ*

◆ ਦੁਖੁ ਤਦੇ ਜਾ ਵਿਸਰਿ ਜਾਵੈ 22

*– ਡਾ. ਪਰਮਜੀਤ ਕੌਰ ਜੀ*

◆ ਸੁਖਮਨੀ–ਸੁਖ–ਮਨੀ 25

◆ ਨਿਰਭਉ–ਨਿਰਵੈਰ – ਗੁਰੂ ਹਰਿ ਰਾਇ ਜੀ 30

*– ਗੁਰਪੁਰਵਾਸੀ ਪ੍ਰਿੰ. ਸਤਿਬੀਰ ਸਿੰਘ ਜੀ*

◆ ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ 33

*– ਬੀਬੀ ਅਜੀਤ ਕੌਰ ਜੀ*

◆ ਸ਼ਹੀਦੀ ਸਾਕਾ ਨਨਕਾਣਾ ਸਾਹਿਬ 35

*– ਸ. ਦੀਦਾਰ ਸਿੰਘ ਜੀ*

# ਸੰਪਾਦਕੀ...

੨੧ ਫਰਵਰੀ, ਸੰਨ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ (ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ) ਵਿਖੇ ਭਾਈ ਲਛਮਣ ਸਿੰਘ ਜੀ ਅਤੇ ਉਹਨਾਂ ਦੇ ੧੫੦ ਤੋਂ ਵੱਧ ਸਾਥੀਆਂ ਨੂੰ ਮਹੰਤ ਨਰੈਣ ਦਾਸ ਦੇ ਗੁੰਡਿਆਂ ਨੇ ਟਕੂਏ, ਛਵੀਆਂ, ਅਤੇ ਬੰਦੂਕਾਂ ਦੀਆਂ ਗੋਲੀਆਂ ਨਾਲ ਬੜੀ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਸੀ। ਉਹਨਾਂ ਦਾ ਕਸੂਰ ਕੋਈ ਨਹੀਂ ਸੀ। ਦਰਅਸਲ ਗੱਲ ਇਹ ਸੀ ਕਿ ਮਹੰਤ ਨਰੈਣ ਦਾਸ, ਜਿਸਦੇ ਪ੍ਰਬੰਧ ਹੇਠ ਗੁਰਦੁਆਰਾ ਜਨਮ ਅਸਥਾਨ ਚੱਲ ਰਿਹਾ ਸੀ ਵਿਖੇ ਨਿੱਤ ਦਿਹਾੜੇ ਸ਼ਰਧਾਲੂਆਂ ਦੀਆਂ ਧੀਆਂ, ਭੈਣਾਂ ਨਾਲ ਬਦਸਲੂਕੀ ਹੁੰਦੀ ਸੀ ਅਤੇ ਇਸ ਅਸੁਰੱਖਿਆ ਬਾਰੇ ਸ਼ਿਕਾਇਤਾਂ ਪੰਥ ਖ਼ਾਲਸੇ ਦੇ ਨੋਟਿਸ ਵਿਚ ਆ ਰਹੀਆਂ ਸਨ। ਭਾਈ ਲਛਮਣ ਸਿੰਘ ਆਪਣੇ ਜਥੇ ਸਮੇਤ ਸ਼ਾਂਤਮਈ ਢੰਗ ਨਾਲ ਮਹੰਤ ਕੋਲ ਪ੍ਰੋਟੈਸਟ ਕਰਨ ਲਈ ਗਏ ਸਨ ਕਿ ਗੁਰੂ-ਘਰ ਅੰਦਰ ਗੁਰੂ ਕੇ ਸ਼ਰਧਾਲੂਆਂ ਨਾਲ ਹੋ ਰਹੀ ਬਦਮਾਸ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਸ ਸ਼ਹੀਦੀ ਸਾਕੇ ਨੇ ਸਮੁੱਚੇ ਖ਼ਾਲਸਾ ਪੰਥ ਨੂੰ ਝੰਜੋੜ ਕੇ ਰੱਖ ਦਿੱਤਾ। ਮਹੰਤ ਆਪ ਤਾਂ ਕਿਧਰੇ ਨੱਸ ਗਿਆ, ਪਰ ਅੰਗਰੇਜ਼ ਸਰਕਾਰ ਲਈ ਅਮਨ-ਅਮਾਨ ਦੀ ਬੜੀ ਭਾਰੀ ਸਮੱਸਿਆ ਖੜੀ ਹੋ ਗਈ।

ਮਹੰਤਾਂ ਦੇ ਪਿਛੋਕੜ ਵੱਲ ਜ਼ਰਾ ਜਾਈਏ। ਮਹਾਰਾਜਾ ਰਣਜੀਤ ਦੇ ਸੰਨ ੧੭੯੯ ਵਿਚ ਖ਼ਾਲਸਾ ਰਾਜ ਸਥਾਪਤ ਕਰਨ ਤੋਂ ਭੀ ਪਹਿਲਾਂ ਗੁਰੂ ਸਾਹਿਬਾਨਾਂ ਦੇ ਇਤਿਹਾਸਕ ਅਸਥਾਨਾਂ ਦੀ ਸੇਵਾ-ਸੰਭਾਲ ਉਦਾਸੀ ਅਤੇ ਨਿਰਮਲੇ ਕਰਦੇ ਆਏ ਸਨ। ਇਹਨਾਂ ਨੂੰ ਮਹੰਤ ਕਿਹਾ ਜਾਂਦਾ ਸੀ। ਹੌਲੀ ਹੌਲੀ ਇਹ ਮਹੱਤੀ ਪ੍ਰਥਾ ਬਾਪ ਤੋਂ ਮਗਰੋਂ ਪੁੱਤਰਾਂ ਨੂੰ ਵਿਰਸੇ ਵਿਚ ਸੌਂਪੇ ਜਾਣ ਦੀ ਪ੍ਰਥਾ ਚੱਲ ਪਈ। ਮਹਾਰਾਜਾ ਸਾਹਿਬ ਇਹਨਾਂ ਇਤਿਹਾਸਕ ਅਸਥਾਨਾਂ ਦੀਆਂ ਇਮਾਰਤਾਂ ਦੀ ਉਸਾਰੀ ਜਾਂ ਮੁਰੰਮਤ ਆਦਿ ਦੀ ਸੇਵਾ ਲੋੜ ਅਨੁਸਾਰ ਕਰਵਾਉਂਦੇ ਰਹੇ। ਪਰ ਮਹੰਤੀ ਪ੍ਰਥਾ ਉਵੇਂ ਕਿਵੇਂ ਚੱਲਦੀ ਰਹੀ। ਸੰਨ ੧੯੫੦ ਵਿਚ ਜਦੋਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਉਹਨਾਂ ਨੇ ਬੜੀ ਸਿਆਣਪ ਨਾਲ ਦੋ ਤਰ੍ਹਾਂ ਦੇ ਵਰਗਾਂ ਨੂੰ ਆਪਣੇ ਭਰੋਸੇ ਵਿਚ ਲੈ ਕੇ ਆਪਣੀ ਮਰਜ਼ੀ ਅਨੁਸਾਰ ਵਰਤਣ ਦੀ ਯੋਜਨਾ ਬਣਾਈ। ਪੰਜਾਬ ਦੇ ਜਿਤਨੇ ਜਾਗੀਰਦਾਰ ਸਨ, ਉਹਨਾਂ ਦੀ ਇਕ ਸੰਸਥਾ ਬਣਾ ਦਿੱਤੀ, ਜਿਸਦਾ ਨਾਮ ਰੱਖਿਆ 'ਚੀਫ਼ਿਆਂ ਦੀ ਸਭਾ'। ਇਸ ਸੰਸਥਾ ਨੂੰ Chief Khalsa Diwan ਦੇ ਨਾਮ ਨਾਲ ਅੱਜ ਭੀ ਜਾਣਿਆ ਜਾਂਦਾ ਹੈ। ਇਸ ਸੰਸਥਾ ਨੇ ਖ਼ਾਲਸਾ ਪੰਥ ਅਤੇ ਅੰਗਰੇਜ਼ਾਂ ਵਿਚਕਾਰ ਸੁਲਹ-ਸਫਾਈ ਕਾਇਮ ਰੱਖਣ ਦਾ ਕੰਮ ਕੀਤਾ। ਦੂਜੇ ਨੰਬਰ ਉੱਤੇ ਇਤਿਹਾਸਕ ਗੁਰਦੁਆਰਿਆਂ ਦੇ ਇਹਨਾਂ ਮਹੰਤਾਂ ਨੂੰ ਭੀ ਆਪਣੇ ਭਰੋਸੇ ਵਿਚ ਲੈ ਲਿਆ। ਇਹਨਾਂ ਗੁਰਦੁਆਰਿਆਂ ਦੀ ਗਿਣਤੀ ਲਗਪਗ ੪੦੦ ਦੇ ਕਰੀਬ ਸੀ। ਇਹਨਾਂ ਦੀਆਂ ਮਹੰਤੀਆਂ ਪੱਕੀਆਂ ਕਰ ਦਿੱਤੀਆਂ ਗਈਆਂ। ਇਹਨਾਂ ਨੂੰ ਕਿਸੇ ਕਮੇਟੀ ਜਾਂ ਸਿੱਖ ਸੰਗਤ ਦਾ ਡਰ-ਭਉ ਨਾ ਰਿਹਾ। ਅੰਗਰੇਜ਼ ਹਮੇਸ਼ਾ ਇਹਨਾਂ ਦੀ ਹਿਮਾਇਤ ਕਰਦੇ ਰਹਿੰਦੇ ਸਨ। ਇਹਨਾਂ ਮਹੰਤਾਂ ਦੀ ਕਾਰਗੁਜ਼ਾਰੀ ਦਿਨੋ ਦਿਨ ਮਾੜੀ ਹੁੰਦੀ ਗਈ। ਗੁਰਧਾਮ ਵਿਭਚਾਰ ਦੇ ਅੱਡੇ ਬਣਨ ਲੱਗੇ। ਸੰਗਤਾਂ ਵਿਚ ਰੋਸ ਵਧਣਾ ਸੁਭਾਵਿਕ ਸੀ। ਸੰਨ ੧੯੨੦ ਤਕ ਸਿੰਘ ਸਭਾ ਦੇ ਪ੍ਰਚਾਰ ਸਦਕਾ ਸਿੱਖ ਕੌਮ ਵਿਚ ਜਾਗਰਤੀ ਪੈਦਾ ਹੋਈ। ਥਾਂ ਥਾਂ ਸਿੱਖ ਸੰਗਤਾਂ ਨੇ ਮਹੰਤਾਂ ਵਿਰੁੱਧ ਆਵਾਜ਼ ਉਠਾਈ। ਮਹੰਤ ਅਤੇ ਸਿੱਖ ਸੰਗਤਾਂ ਟਕਰਾਉ ਦੇ ਰਾਹ ਉੱਤੇ ਹੋ ਤੁਰੇ। ਮਹੰਤਾਂ ਨੇ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਹਥਿਆਰ-ਬੰਦ ਗੁੰਡੇ ਭਰਤੀ ਕਰ ਲਏ। ੨੧ ਫਰਵਰੀ, ਸੰਨ ੧੯੨੧ ਦਾ ਸ਼ਹੀਦੀ ਸਾਕਾ ਨਨਕਾਣਾ ਸਾਹਿਬ, ਇਸ ਟਕਰਾਉ ਦਾ ਦੂਜਾ ਵੱਡਾ ਸਾਕਾ ਸੀ, ਪਹਿਲਾ ਸਾਕਾ ਨਵੰਬਰ-ਦਸੰਬਰ ੧੯੨੦ ਵਿਚ ਤਰਨ ਤਾਰਨ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਉੱਤੇ ਕਬਜ਼ਾ ਕਰਨ ਆਏ ਸਿੰਘਾਂ ਨਾਲ ਮਹੰਤ ਦੇ ਗੁੰਡਿਆਂ ਦਾ ਟਕਰਾਉ ਹੋਇਆ। ਇਉਂ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋਇਆ। ੧੯੨੦ ਤੋਂ ੧੯੨੫ ਤਕ ਤਕਰੀਬਨ ਸਾਰੇ ਗੁਰਦੁਆਰੇ ਮਹੰਤਾਂ ਦੇ ਕਬਜ਼ਿਆਂ ਤੋਂ ਸਿੱਖ ਸੰਗਤਾਂ ਨੇ ਛੁਡਾ ਕੇ ਇਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਲਿਆਂਦਾ। ੧੯੨੬ ਵਿਚ ਅੰਗਰੇਜ਼ ਸਰਕਾਰ ਨੂੰ ਉਪਰੋਕਤ ਕਮੇਟੀ ਨੂੰ ਕਾਨੂੰਨੀ ਮਾਨਤਾ ਦੇਣੀ ਪਈ। ਉਦੋਂ ਤੋਂ ਇਹ ਕਮੇਟੀ ਸਾਡੇ ਗੁਰਧਾਮਾਂ ਦਾ ਪ੍ਰਬੰਧ ਕਰਦੀ ਆ ਰਹੀ ਹੈ।

ਸੰਤ ਅਤਰ ਸਿੰਘ ਜੀ ਮਸਤੂਆਣਾ ਨੇ ਉਸ ਸਮੇਂ ਕਿਹਾ ਸੀ, ਇਹਨਾਂ ਮਹੰਤਾਂ ਨੂੰ ਤਾਂ ਪੰਥ ਨੇ ਪ੍ਰਬੰਧ ਵਿੱਚੋਂ ਹਟਾ ਦਿੱਤਾ, ਚੰਗਾ ਕੀਤਾ, ਪਰ ਜੇ ਕਮੇਟੀ ਦੇ ਪ੍ਰਬੰਧਕ

*(ਬਾਕੀ ਪੰਨਾ 12 ੜਤੇ)*

# ਬਾਰਹ ਮਾਹ ਕਥਾ

*[(ਗੁਰਪੁਰਵਾਸੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥***

***ਅੰਗ – 135***

**ਅਰਥ**

ਇਸ ਪਉੜੀ ਦੇ ਸਤਰ-ਵਾਰ ਅੱਖਰੀ ਅਰਥ ਇਸ ਤਰ੍ਹਾਂ ਹੋਣਗੇ –

1) ਜੀਵਨ ਵਿਚ (ਫਲਗੁਣਿ) ਅਨੰਦ ਪੈਦਾ ਹੋ ਗਿਆ, ਜਦੋਂ ਮੇਰੇ ਅੰਦਰ ਮੇਰਾ ਮਿੱਤਰ ਹਰੀ-ਪਰਮਾਤਮਾ ਪ੍ਰਗਟ ਹੋ ਪਿਆ (ਮੇਰੇ ਹਿਰਦੇ ਦੀ ਅਵਸਤਾ ਇਹੋ ਜਿਹੀ ਬਣ ਗਈ ਕਿ ਉਸ ਦਾ ਹਰ ਵਿਚਾਰ ਤੇ ਹਰ ਕਰਤੱਵ ਰੱਬੀ ਸੂਝ ਦਾ ਨਿਸਚਾ ਕਰਵਾਉਂਦਾ ਸੀ)।

2) (ਮੇਰੇ ਹਿਰਦੇ ਵਿਚ ਹੀ ਹਰੀ ਨਾਲ ਮੇਰਾ ਮੇਲ ਹੋ ਗਿਆ) ਇਹ ਮੇਲ ਗੁਰੂ-ਸੰਤ ਨੇ ਕਰਾਇਆ, ਜਿਸ ਨੂੰ ਹਰੀ ਨੇ ਮਨੁੱਖਾਂ ਦੀ (ਮਿਲਾਪ ਲਈ) ਸਹਾਇਤਾ ਵਾਸਤੇ ਮੁਕੱਰਰ ਕੀਤਾ ਹੈ, ਉਸ ਗੁਰੂ ਨੇ ਕਿਰਪਾ ਕਰ ਕੇ ਪ੍ਰਭੂ ਨਾਲ ਮੇਰਾ ਮਿਲਾਪ ਕਰਾ ਦਿੱਤਾ ਹੈ।

3) (ਮਿਲਾਪ ਹੁੰਦਿਆਂ ਹੀ) ਮੇਰੇ ਹਿਰਦੇ ਦੀ ਸੇਜਾ ੜਤੇ ਰੌਣਕ-ਅਨੰਦ ਹੋ ਗਿਆ ਹੈ (ਤੇ ਹਿਰਦਾ ਸੋਹਣਾ ਹੋ ਗਿਆ ਹੈ ਅਤੇ ਸਾਰੇ ਸੁਖ ਉਸ ਸੋਹਣੀ ਮਾਨਸਕ ਅਵਸਥਾ ਵਿਚੋਂ ਉਗਮ ਪਏ ਹਨ, ਹੁਣ ਦੁੱਖਾਂ ਦਾ ਡੇਰਾ ਉੱਠ ਗਿਆ ਹੈ ਕਿਉਂਕਿ ਮੈਂ ਕੋਈ ਕਰਮ ਹੀ ਨਹੀਂ ਕਰਦੀ ਜੋ ਦੁੱਖ ਪੈਦਾ ਕਰੇ)।

4) (ਇਸੇ ਹਿਰਦੇ ਦੀ ਅਵਸਥਾ ਦੀ ਪ੍ਰਾਪਤੀ ਲਈ) ਮੇਰੀ ਇੱਛਾ ਸੀ, ਇਹ ਪ੍ਰਾਪਤ ਹੋ ਗਈ ਹੈ ਤੇ ਮੈਂ ਵੱਡੇ ਭਾਗਾਂ ਵਾਲੀ ਹੋ ਗਈ ਹਾਂ, ਇਹ ਅਵਸਥਾ ਹੈ ਪ੍ਰਭੂ-ਸੁਹਾਗ ਦੇ ਮਿਲਾਪ ਦੀ।

5) (ਇਸ ਖੁਸ਼ੀ ਦੇ ਸਮੇਂ) ਸਾਰੇ ਸੰਤ-ਜਨ ਇਕੱਠੇ ਹੋਏ ਹਨ ਤੇ ਉਹ ਖੁਸ਼ੀ ਦੇ ਗੀਤ ਗਾਉਂਦੇ ਹਨ – ਸਭ ਤੋਂ ਉੱਤਮ ਗੀਤ ਪ੍ਰਭੂ ਦੇ ਗੀਤ ਹੀ ਹਨ।

6) (ਪ੍ਰਭੂ-ਗੀਤ ਇਸ ਲਈ ਉੱਤਮ ਹਨ ਕਿ ਪ੍ਰਭੂ ਆਪ ਸਭ ਤੋਂ ਉੱਤਮ ਸ਼ਕਤੀ ਹੈ) ਕੋਈ ਇਸ ਬ੍ਰਹਿਮੰਡ ਵਿਚ ਹਰੀ ਜਿਹਾ ਨਹੀਂ ਦਿੱਸਦਾ, ਕੋਈ ਉਸ ਦੀ ਮਹਾਨਤਾ ਦੇ ਨੇੜੇ-ਤੇੜੇ (ਲਵੈ-ਬਰਾਬਰ) ਵੀ ਨਹੀਂ ਪੁੱਜਦਾ।

7) (ਇਸੇ ਹਿਰਦੇ ਦੀ ਮਿਲਾਪ ਅਵਸਥਾ ਨਾਲ) ਮੇਰਾ ਇਹ ਸੰਸਾਰਕ ਜੀਵਨ ਤੇ ਆਉਣ ਵਾਲਾ ਜੀਵਨ – ਦੋਵੇਂ ਸੰਵਰ ਗਏ ਹਨ, (ਸਗੋਂ ਮੇਰਾ ਆਵਾਗਵਨ ਮੁੱਕ ਗਿਆ ਹੈ) ਤੇ ਮੈਨੂੰ ਸਥਿਰ ਜੀਵਨ ਪ੍ਰਾਪਤ ਹੋ ਗਿਆ ਹੈ।

8) (ਇਸ ਮਿਲਾਪ ਨੇ) ਮੈਨੂੰ ਸਦਾ ਲਈ ਸੰਸਾਰ (ਆਵਾਗਵਨ) ਤੋਂ ਬਚਾ ਲਿਆ ਹੈ ਤੇ ਮੁੜ-ਮੁੜ ਕੇ ਜਨਮ-ਮਰਨ ਨਹੀਂ ਹੋਵੇਗਾ।

9) (ਹੇ ਪ੍ਰਭੂ!) ਮੇਰੀ ਜੀਭ ਇਕ ਹੈ, ਤੇਰੇ ਗੁਣ ਬੇਅੰਤ ਹਨ, ਤੇਰੇ ਚਰਨਾਂ ਦੇ ਪਿਆਰ ਦੁਆਰਾ ਮੁਕਤੀ ਪ੍ਰਾਪਤ ਹੋਈ ਹੈ।

10) ਇਸ ਜੀਵਨ (ਫਲਗੁਣਿ) ਵਿਚ ਉਸ ਪਰਮਾਤਮਾ ਦੀ ਮਹਾਨਤਾ ਨੂੰ ਸਮਝੀਏ ਜਿਸ ਨੂੰ ਰੱਤੀ ਭਰ ਵੀ ਤਮ੍ਹਾ ਜਾਂ ਇੱਛਾ ਨਹੀਂ ਹੈ (ਭਾਵ, ਜੋ ਪੂਰਨ ਹੈ, ਪੂਰਨ ਨੂੰ ਹੀ ਇੱਠ ਨਹੀਂ ਹੁੰਦੀ)।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਪਲਤ ਅਤੇ ਜਗ ਅੰਦਰਿ ਸੋਭਾ ਹੁੰਦੀ ਹੈ -

*ਹਲਤਿ ਪਲਤਿ ਸੋਭਾ*
*ਜਗ ਅੰਤਰਿ ਰਾਮ ਨਾਮਿ ਲਿਵ ਲਾਗੀ॥੩॥(੫॥੧) ੬੫*
*ਅੰਗ - ੬੯੦*

ਹੋਛੇ ਤਪ ਕਰਨਹਾਰਿਆਂ ਦੀਆਂ ਕਾਮਨਾਵਾਂ ਇੰਦ੍ਰਪੁਰੀ, ਸ਼ਿਵਪੁਰੀ ਆਦਿਕ ਪੁਰੀਆਂ ਨੂੰ ਪ੍ਰਾਪਤ ਕਰਨ ਦੀਆਂ ਹੁੰਦੀਆਂ ਹਨ। ਇਹ ਪੁਰੀਆਂ ਥਿਰ ਰਹਿਣ ਵਾਲੀਆਂ ਨਹੀਂ। ਗੁਰਮਤਿ ਨਾਮ ਦੇ ਕਾਂਖੀ ਜਨ ਅਜਿਹੀਆਂ ਹੋਛੀਆਂ ਕਾਮਨਾਵਾਂ ਨਹੀਂ ਰਖਦੇ ਬਲਕਿ ਉਹ ਤਾਂ ਇਕੋ ਨਾਮ ਨਿਹਕਾਮ ਮਈ ਪਰਮ ਧਾਮ ਦੇ ਬਾਸ਼ਿੰਦੇ ਹੀ ਬਣੇ ਰਹਿੰਦੇ ਹਨ। ਪਰ ਜਿਸ ਪਰਕਾਰ ਇਹ ਦੁਨੀਆ ਚਾਹੇ ਅਸਥਿਰ ਹੈ, ਪਰ ਹੈ ਸਹੀ, ਇਸੇ ਪਰਕਾਰ ਹੋਰ ਪੁਰੀਆਂ ਭੀ ਹਨ, ਚਾਹੇ ਓੜਕ ਕਿਸੇ ਨੇ ਭੀ ਅਸਥਿਰ ਨਹੀਂ ਰਹਿਣਾ। ਅਸਥਿਰ ਕੇਵਲ ਨਾਮ ਪਦਾਰਥ ਨੇ ਹੀ ਰਹਿਣਾ ਹੈ। ਗੁਰਵਾਕ -

*ਇੰਦ੍ਰ ਲੋਕ ਸਿਵ ਲੋਕਹਿ ਜੈਬੋ॥*
*ਓਛੇ ਤਪੁ ਕਰਿ ਬਾਹੁਰਿ ਐਬੋ॥੧॥*
*ਕਿਆ ਮਾਗਉ ਕਿਛੁ ਥਿਰੁ ਨਾਹੀ॥*
*ਰਾਮ ਨਾਮ ਰਖੁ ਮਨ ਮਾਹੀ॥੧॥ਰਹਾਉ॥(੪॥੪)।*
*ਅੰਗ - ੬੯੨*

ਸਾਕਤ ਨਰ ਪ੍ਰਾਣੀ ਬਿਖ ਮਾਇਆ ਦੇ ਬੰਧਨਾਂ ਵਿਚ ਜਕੜੇ ਹੋਏ ਪਰਮਾਰਥ ਦੀ ਸਾਰ ਨਹੀਂ ਜਾਣਦੇ। ਨਾ ਹੀ ਪਰਮਾਰਥ ਖ਼ਾਤਰ, ਪਰਮੇਸ਼ਰ ਅਰਥ, ਆਪਣੀ ਖੱਟੀ ਮਾਇਆ ਨੂੰ ਖ਼ਰਚ ਕੇ ਲੇਖੇ ਲਾ ਸਕਦੇ ਹਨ। ਤਿਨ੍ਹਾਂ ਦੇ ਹੱਥ ਹਾਸਲ ਕੁਛ ਨਹੀਂ ਆਉਂਦਾ, ਸਿਵਾਏ ਇਸ ਦੇ ਕਿ ਉਹ ਜਮ ਕਾਲ ਦੀ ਪੀੜ ਦੇ ਦੁਖ ਸਹਿੰਦੇ ਹਨ। ਜਿਨ੍ਹਾਂ ਨੇ ਮਾਲ ਧਨ ਅਤੇ ਸਾਰਾ ਸਰੀਰ ਹੀ ਹਰਿ ਅਰਥ ਲਗਾ ਦਿਤਾ ਹੈ ਅਤੇ ਗੁਰੂ ਰੂਪ ਸਾਧੂ, ਸਤਿਗੁਰੂ ਦੀ ਸ਼ਰਧਾ ਭਾਵਨੀ ਕਰਿ ਧੂੜੀ ਮੁਖ ਲਾਈ ਹੈ, ਸੋ ਜਨ ਹਲਤ ਪਲਤ ਵਿਖੇ ਸੋਭਾ ਪਾਉਂਦੇ ਹਨ ਅਤੇ ਤਿਨ੍ਹਾਂ ਦੇ ਮਨਾਂ ਅੰਦਰਿ ਆਤਮ ਰੰਗ ਐਸੇ ਲਗਦੇ ਹਨ ਕਿ ਫੇਰ ਲਹਿੰਦੇ ਨਹੀਂ। ਗੁਰਵਾਕ-

*ਸਾਕਤ ਬੰਧ ਭਏ ਹੈ ਮਾਇਆ ਬਿਖੁ*
*ਸੰਚਹਿ ਲਾਇ ਜਕੀੜਾ॥*
*ਹਰਿ ਕੈ ਅਰਥਿ ਖਰਚਿ ਨਹ ਸਾਕਹਿ*
*ਜਮਕਾਲੁ ਸਹਹਿ ਸਿਰਿ ਪੀੜਾ॥੨॥*
*ਜਿਨ ਹਰਿ ਅਰਥਿ ਸਰੀਰੁ ਲਗਾਇਆ*
*ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ॥*
*ਹਲਤਿ ਪਲਤਿ ਹਰਿ ਸੋਭਾ ਪਾਵਹਿ*
*ਹਰਿ ਰੰਗੁ ਲਗਾ ਮਨਿ ਗੂੜਾ॥੩॥(੪॥੬)*
*ਅੰਗ - ੬੯੮*

ਹਰਿ ਦਰਗਾਹ ਅੰਦਰਿ, ਹਰਿ ਦਰਗਾਹੀ ਦਰਬਾਰ ਅੰਦਰਿ ਕੋਟਿ ਹਰਿ ਦਾਸਾਂ ਦੀ ਦੁਨੀਆ ਵਸਿ ਰਹੀ ਹੈ, ਜੋ ਨਿਮਖ ਨਿਮਖ ਨਿਰੰਕਾਰ ਦੇ ਸੰਗੀ ਸਾਥੀ ਹੋਇ ਕੈ ਵਸਿ ਰਹੇ ਹਨ। ਇਹ ਅਗੰਮੀ ਦੁਨੀਆ ਇਸ ਲੋਕ ਦੇ ਦੁਨੀਆਦਾਰਾਂ ਦੀ ਦ੍ਰਿਸ਼ਟੀ ਤੋਂ ਅਗਮ ਅਗੋਚਰ ਹੈ। ਪਰ ਐਸੀ ਹੀ ਘੁੱਗ ਵਸ ਰਹੀ ਹੈ ਜੈਸੀ ਕਿ ਦ੍ਰਿਸ਼ਟਮਾਨ ਦੁਨੀਆ; ਸਗੋਂ ਉਹ ਵਧੇਰੀ ਘੁੱਗ ਵਸਦੀ ਹੈ। ਯਥਾ ਗੁਰਵਾਕ -

*ਕੋਟਿ ਦਾਸ ਜਾ ਕੈ ਦਰਬਾਰੇ॥*
*ਨਿਮਖ ਨਿਮਖ ਵਸੈ ਤਿਨ ਨਾਲੇ॥੪॥੫॥੧੧)।*
*ਅੰਗ - ੭੩੯*

*ਸੁਖ ਮਹਲ ਜਾ ਕੇ ਊਚ ਦੁਆਰੇ॥*
*ਤਾ ਮਹਿ ਵਾਸਹਿ ਭਗਤ ਪਿਆਰੇ॥੧॥(੪॥੬॥੧੨)*
*ਅੰਗ - ੭੩੯*

ਕੋਟਾਨਕੋਟ ਖੂਹਣੀਆਂ ਭਗਤ ਜਨਾਂ ਦੀਆਂ ਸਚੜੇ ਸਚਖੰਡੀ ਦਰਬਾਰ ਵਿਖੇ ਵਸਿ ਰਸਿ ਰਹੀਆਂ ਹਨ। ਨਾਨਕ

ਗੁਰੂ ਪੂਰੇ ਦੀ ਮਿਹਰੰਮਤ ਸੇਤੀ ਜਿਨ੍ਹਾਂ ਜਿਨ੍ਹਾਂ ਨੇ ਨਾਮ ਧਨ ਸੰਚਿਆ, ਓਹ ਸਾਬਤ ਪੂੰਜੀ ਦੀ ਰਾਸ ਹਰਿ ਦਰਗਾਹ ਸਾਬਤ ਹੀ ਲੈ ਗਏ।

*ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ॥*
*ਨਾਨਕ ਦਰਗਹ ਮੰਨਿਆ ਗੁਰ ਪੂਰੇ ਪੂਰੇ ਸਾਬਾਸਿ॥੧੪॥੧॥੨॥੧੧॥ ਅੰਗ - ੭੫੯*

ਜੋ ਜੋ ਗੁਰਮੁਖਿ ਜਨ ਆਪਨੜੈ ਪ੍ਰਭ ਭਾਣਿਆ ਹਰਿ ਦਰਗਾਹ ਪੈਧਾ ਜਾਂਦਾ ਹੈ। ਐਥੇ ਭੀ ਉਸ ਨੂੰ ਸਚੇ ਸੁਖ ਦੀ ਨੇਅਮਤ ਮਿਲਦੀ ਹੈ ਤੇ ਅਗੇ ਜਾ ਕੇ ਉਸ ਦਾ ਮੁਖ ਉਜਲਾ ਰਹਿੰਦਾ ਹੈ। ਸਤਿਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਹਾਰਿਆਂ ਅਤੇ ਸਤਿਗੁਰੂ ਦਾ ਹੁਕਮ ਕਮਾਵਣਹਾਰਿਆਂ ਗੁਰਮੁਖ ਨਾਮ-ਨਿਵਾਸੀਆਂ ਨੂੰ ਅਗੇ ਚਲ ਕੇ ਪਾਰਬ੍ਰਹਮ ਪਰਮੇਸਰ ਵਲੋਂ ਮਾਨ ਆਦਰ ਮਿਲਦਾ ਹੈ। ਯਥਾ ਗੁਰਵਾਕ -

*ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ॥*
*ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ॥*
*ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤਿ ਭਾਇ ਜੀਉ॥੪॥ ਅੰਗ - ੭੫੯*

ਦੇਖਿਆ ਜੀ! ਪਾਰਬ੍ਰਹਮ ਦੀ ਦਰਗਾਹ ਵਿਚ ਸਚੇ ਆਦਰ ਮਿਲਦੇ ਹਨ, ਮਾਨ ਮਿਲਦੇ ਹਨ। ਪਰ ਇਸ ਲੋਕ ਵਿਖੇ ਸੁਖਦਾਤਾ ਸੁਆਮੀ ਸਿਮਰਨ-ਹਾਰਿਆਂ ਨੂੰ ਹੀ ਮਿਲਦਾ ਹਨ -

*ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨ॥*
*ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ॥੧॥ ਅੰਗ - ੮੨੭*

ਸਤਿਗੁਰੂ ਦੀ ਸੇਵਾ ਤੋਂ, ਸਦਾ ਕਿਰਤਾਰਥ ਕਰਨਹਾਰਾ ਨਾਮ ਪਦਾਰਥ ਅਧਿਕਾਰੀ ਜਨਾਂ ਨੂੰ ਮਿਲਦਾ ਹੈ। ਤਿਨ੍ਹਾਂ ਨੂੰ ਸਚੀ ਦਰਗਾਹ ਪੁਛ ਨਹੀਂ ਹੁੰਦੀ। ਹੁਕਮ ਮੰਨਣਹਾਰੇ ਹੀ ਸਚੀ ਦਰਗਾਹ ਸੀਝਦੇ ਹਨ -

*ਗੁਰ ਸੇਵਾ ਤੇ ਲਹੈ ਪਦਾਰਥੁ॥*
*ਹਿਰਦੈ ਨਾਮੁ ਸਦਾ ਕਿਰਤਾਰਥੁ॥*
*ਸਾਚੀ ਦਰਗਹ ਪੂਛ ਨ ਹੋਇ॥*
*ਮਾਨੈ ਹੁਕਮੁ ਸੀਝੈ ਦਰਿ ਸੋਇ॥੬॥ ਅੰਗ - ੮੩੨*

ਸਭ ਬਰਕਤਾਂ ਨਾਮ ਦੀ ਆਗਿਆ ਦੀ ਕਮਾਈ ਵਿਚ ਹਨ। ਨਾਮ ਦੇ ਪਰਤਾਪ ਅਗਲੀ ਦਰਗਾਹ ਵਿਖੇ ਮੁਖ ਉਜਲ ਹੁੰਦੇ ਹਨ। ਨਾਮ ਕਮਾਵਣਹਾਰਿਆਂ ਤੇ ਨਾਮ ਅਭਿਆਸੀਆਂ ਦੀਆਂ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਨਾਮ ਕਮਾਉਣਹਾਰਿਆਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਦਹਿਦਿਸਿ ਧਾਵਣਹਾਰਾ ਮਨੂਆ ਕੇਵਲ ਨਾਮ ਨਾਲਿ ਗੁਝ ਮਿਝ ਕੇ ਹੀ ਵਸਗਤਿ ਆਉਂਦਾ ਹੈ। ਸਚੀ ਸੂਰਮਤਾਈ ਵਾਲਾ ਨਿਰਭੈ ਪਦ ਹੀ ਨਾਮ ਜਪਣ ਕਰਿ ਪ੍ਰਾਪਤਿ ਹੁੰਦਾ ਹੈ। ਆਵਣ ਜਾਣਾ ਚੁਰਾਸੀ ਦਾ ਗੇੜ ਭੀ ਨਾਮ ਦੁਆਰਾ ਹੀ ਦੂਰ ਹੁੰਦਾ ਹੈ। ਇਹ ਸਤਿਗੁਰੂ ਪੂਰੇ ਦੇ ਪ੍ਰਸਾਦਿ ਪਰਤਾਪ ਹੀ ਹੈ ਕਿ ਨਾਮ ਨਿਵਾਸ ਹੁੰਦਾ ਹੈ। ਗੁਰਵਾਕ ਮਿਲਦਾ ਹੈ ਅਤੇ ਨਾਮ ਨਾਮੀ ਦੀ ਪ੍ਰਾਪਤੀ ਭੀ ਹੁੰਦੀ ਹੈ -

*ਨਾਮੇ ਦਰਗਹ ਮੁਖ ਉਜਲੇ॥*
*ਨਾਮੇ ਸਗਲੇ ਕੁਲ ਉਧਰੇ॥ ਨਾਮਿ ਹਮਾਰੇ ਕਾਰਜ ਸੀਧ॥*
*ਨਾਮਿ ਸੰਗਿ ਇਹੁ ਮਨੂਆ ਗੀਧ॥੩॥*
*ਨਾਮੇ ਹੀ ਹਮ ਨਿਰਭਉ ਭਏ॥*
*ਨਾਮੇ ਆਵਨ ਜਾਵਨ ਰਹੇ॥*
*ਗੁਰਿ ਪੂਰੈ ਮੇਲੇ ਗੁਣਤਾਸ॥*
*ਕਹੁ ਨਾਨਕ ਸੁਖਿ ਸਹਜਿ ਨਿਵਾਸੁ॥੪॥੨॥੪॥*
*ਅੰਗ - ੮੬੩*

ਸਚੀ ਦਰਗਾਹ ਦਾ ਵਾਸ, ਸਚੀ ਦਰਗਾਹ ਦੀ ਸੁਖ-ਰਾਸ ਸੰਪਤ ਤਿਨ੍ਹਾਂ ਨੂੰ ਹੀ ਮਿਲਦੀ ਹੈ, ਜੋ ਨਾਮ ਦੀਆਂ ਐਸੀਆਂ ਅਤੁਟ ਕਮਾਈਆਂ ਕਰਦੇ ਹਨ ਅਤੇ ਐਸੀ ਭਗਤੀ ਭਾਵ ਮਈ ਸੇਵਾ ਕਰਦੇ ਹਨ ਕਿ ਸਭ ਤੋਂ ਉਪਰ ਬਣ ਜਾਂਦੇ ਹਨ। ਨਾਮ ਨਿਧਾਨ ਦੀ ਲਿਵਲੀਨਤਾ ਹੀ ਸਾਰੀ ਹਉਮੈ ਦੂਰ ਕਰ ਕੇ ਅਧੀਨਗੀ, ਸਚੀ ਦਿਲ-ਗਰੀਬੀ ਲਿਆਉਂਦੀ ਹੈ। ਆਪਣੇ ਆਪ ਨੂੰ ਸਭ ਤੋਂ ਨੀਵਾਂ ਨੀਚਾ ਮੰਨਣ ਮਨਾਉਣ ਵਿਚ ਸਚਾ ਅਨੰਦ ਰਸ ਆ ਬਣਦਾ ਹੈ। ਯਥਾ ਗੁਰਵਾਕ-

*ਪਵਹੁ ਚਰਣਾ ਤਲਿ ਊਪਰਿ*
*ਆਵਹੁ ਐਸੀ ਸੇਵ ਕਮਾਵਹੁ॥*
*ਆਪਸ ਤੇ ਊਪਰਿ ਸਭ ਜਾਣਹੁ*
*ਤਉ ਦਰਗਹ ਸੁਖੁ ਪਾਵਹੁ॥੧॥(੪॥੨) ਅੰਗ - ੮੮੩*

ਗੁਰਮਤਿ ਨਾਮ ਦੀ ਸਿਫ਼ਤਿ ਸਾਲਾਹ ਕੀਤਿਆਂ ਅਤੇ ਹਰਿ ਗੁਣ ਗਾਵੀਤਿਆਂ, ਕੀਰਤਨ ਕੀਤਿਆਂ ਨਿਥਾਵਿਆਂ ਨੂੰ ਭੀ ਹਰਿ ਦਰਗਹਿ ਅੰਦਰਿ ਥਾਉਂ ਮਿਲਦਾ ਹੈ। ਯਥਾ ਗੁਰਵਾਕ -

*ਬੀਜ ਮੰਤ੍ਰੁ ਹਰਿ ਕੀਰਤਨੁ ਗਾਉ॥*
*ਆਗੈ ਮਿਲੀ ਨਿਥਾਵੇ ਥਾਉ॥੧॥(੪॥੧੬॥੨੭)*
*ਅੰਗ - ੮੯੧*

**'ਚਲਦਾ'**

# ਕੀਰਤਨ ਦੀ ਮਹੱਤਤਾ

*[ਪ੍ਰਿੰਸੀਪਲ ਸਜਣ ਸਿੰਘ ਜੀ]*

ਗੁਰਸਿੱਖਾਂ ਦਾ ਹਰੇਕ ਨਵਾਂ ਦਿਹਾੜਾ ਨਾਮ ਅਭਿਆਸ, ਨਿੱਤਨੇਮ, ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਤੋਂ ਆਰੰਭ ਹੁੰਦਾ ਹੈ। ਗੁਰਮੁਖ ਜਨਾਂ ਦੇ ਜੀਵਨ ਤੋਂ ਸੇਧ ਮਿਲਦੀ ਹੈ ਕਿ ਗੁਰਬਾਣੀ ਦਾ ਪਾਠ, ਨਾਮ ਅਭਿਆਸ ਤੇ ਕੀਰਤਨ ਦੇ ਸੰਗਮ ਵਿਚ ਸਹਜ ਅਵਸਥਾ, ਪ੍ਰੇਮ ਭਾਵਨਾ, ਚਾਅ ਉਮਾਹ ਤੇ ਖੇੜੇ ਦਾ ਰਸ ਭਰਨ ਦੀ ਤਾਸੀਰ ਹੈ। ਕਿਸੇ ਇਕ ਦੀ ਘਾਟ ਕਾਰਨ, ਅਧਿਆਤਮਕ ਜੀਵਨ ਵਿਚ, ਜੇ ਬਦ-ਕਿਸਮਤੀ ਨਾਲ ਨਾਮ ਰਸ ਵਿਚ ਗਿਰਾਵਟ ਆ ਜਾਵੇ ਤਾਂ ਇਹ ਅਨਹੋਣੀ ਗੱਲ ਨਹੀਂ ਹੁੰਦੀ। ਕੀਰਤਨ ਨੂੰ ਜਿੰਨਾ ਉੱਚਾ ਦਰਜਾ ਸਿੱਖ ਧਰਮ ਵਿਚ ਮਿਲਿਆ ਹੈ, ਏਨਾ ਹੋਰ ਕਿਸੇ ਧਰਮ ਵਿਚ ਨਹੀਂ। ਇਹ ਤੱਥ ਦਲੀਲਬਾਜ਼ੀ ਦਾ ਮੁਥਾਜ ਨਹੀਂ। ਇਸ ਦਾ ਮੁੱਖ ਕਾਰਨ ਕੀਰਤਨ ਦੇ ਵਿਲੱਖਣ ਰੂਪ ਦਾ ਦੈਵੀ ਪ੍ਰਭਾਵ ਹੈ। ਇਸ ਦੀ ਮਹਿਮਾ ਪਰੇ ਤੋਂ ਪਰੇ ਹੈ। ਇਹ ਦੁਰਲੱਭ ਵਸਤੂ ਹੈ, ਨਿਰਮੋਲਕ ਹੀਰਾ ਹੈ, ਜਿਸ ਦੇ ਗੁਣਾਂ ਦਾ ਮੁਲਾਂਕਣ ਨਾਮਧਾਰੀਕ ਪਾਰਖੂਆਂ ਦੀਆਂ ਅੱਖਾਂ ਦੁਆਰਾ ਨਹੀਂ ਪੈਂਦਾ। ਨਿਰਸੰਦੇਹ ਅਸੀਂ ਜਨਮ ਕਰਕੇ ਵਡਭਾਗੀ ਹਾਂ, ਜਿਨ੍ਹਾਂ ਦੀਆਂ ਕੁਮਲਾਈਆਂ ਰੂਹਾਂ ਨੂੰ ਪ੍ਰਫੁੱਲਤ ਕਰਨ ਹਿੱਤ ਸਤਿਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਵਿਸ਼ੇਸ਼ਤਾ ਪ੍ਰਗਟਾਈ ਤੇ ਉਪਦੇਸ਼ ਦੁਆਰਾ ਦ੍ਰਿੜਾਈ।

ਹਜ਼ੂਰ ਨੇ ਨਦਰਿ ਰਹਿਮਤ ਕਰ ਕੇ ਆਪਣੇ ਸਾਥੀ ਭਾਈ ਮਰਦਾਨਾ ਨੂੰ ਕੀਰਤਨ ਕਰਨ ਤੇ ਸਾਜ਼ ਦੀ ਵਰਤੋਂ ਕਰਨ ਦੀ ਬਖ਼ਸ਼ਸ਼ ਕੀਤੀ। ਇਸ ਦੇ ਬਾਅਦ ਮਰਦਾਨੇ ਦੀ ਸੰਤਾਨ ਨੂੰ ਗੁਰੂ ਦਰਬਾਰ ਵਿਚ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੁੰਦਾ ਰਿਹਾ। ਸੱਤਾ ਬਲਵੰਡ ਦੇ ਹੰਕਾਰ ਭਰੇ ਬਚਨਾਂ ਨੂੰ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਨਾ-ਕੇਵਲ ਆਪ ਸਿਰੰਦਾ ਫੜ ਕੇ ਕੀਰਤਨ ਕਰਨਾ ਆਰੰਭ ਕੀਤਾ, ਬਲਕਿ ਪਿਆਰੇ ਅਧਿਕਾਰੀ ਗੁਰਸਿੱਖਾਂ ਨੂੰ ਸੰਗੀਤ ਵਿਦਿਆ ਦੀ ਸਿਖਲਾਈ ਦਾ ਪ੍ਰਬੰਧ ਕਰਕੇ ਨਿਪੁੰਨ ਕੀਤਾ।

ਕੀਰਤਨ ਗੁਰਬਾਣੀ ਤੇ ਮਨ ਨੂੰ ਇਕਾਗਰ ਕਰਨ ਵਾਲੇ ਰਾਗ ਦਾ ਸੁਮੇਲ ਹੈ। ਕੁਦਰਤੀ ਤੌਰ ਤੇ ਮਾਹਰ ਕੀਰਤਨੀਏ ਦੁਆਰਾ ਸੱਚੀ ਬਾਣੀ ਦੀ ਕੀਰਤੀ ਏਨੀ ਪ੍ਰਭਾਵ ਪੂਰਨ ਸਿੱਧ ਹੁੰਦੀ ਹੈ ਕਿ ਭਟਕਦਾ ਮਨ ਸਹਿਜੇ ਹੀ ਇਕਾਗਰ ਹੁੰਦਾ ਹੈ, ਪੱਥਰ-ਦਿੱਲ ਦ੍ਰਵ ਕੇ ਮੋਮ ਦੀ ਖ਼ਾਸੀਅਤ ਧਾਰਨ ਕਰਦਾ ਹੈ, ਮਨ ਨਿਰਮਲ ਹੋਇ ਕੇ ਅਕਾਲ ਪੁਰਖ ਦੀ ਉਸਤਤਿ ਵਿਚ ਟਿਕਦਾ ਹੈ। ਪ੍ਰੇਮ, ਉਮੰਗ ਦਾ ਜਜ਼ਬਾ ਤੀਬਰ ਹੋ ਕੇ, ਸੁਰਤੀ ਨੂੰ ਆਤਮਕ ਮੰਡਲ ਦੀਆਂ ਸਿਖਰਾਂ ਤਕ ਪਹੁੰਚਾਉਂਦਾ ਹੈ। ਜਿਨ੍ਹਾਂ ਧਰਮਾਂ ਜਾਂ ਉਪ-ਧਰਮਾਂ ਨੇ ਕੀਰਤਨ ਦੇ ਰੱਬੀ ਗੁਣਾਂ ਦੀ ਪਛਾਣ ਨਹੀਂ ਕੀਤੀ, ਉਨ੍ਹਾਂ ਦੀ ਹੇਠੀ ਕਰਨੀ ਜਾਂ ਨਿੰਦਿਆ ਕਰਨੀ ਗੁਰਸਿੱਖ ਨੂੰ ਬਿਲਕੁਲ ਨਹੀਂ ਸੋਭਦੀ, ਪਰ ਇਸ ਸਚਾਈ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜਾ ਬਿਰਹਾ, ਵੈਰਾਗ, ਅਗੰਮੀ ਰਸ, ਅਨੰਦ, ਸਰੂਰ, ਚੜ੍ਹਦੀ ਕਲਾ ਜਾਂ ਦਰਸ-ਮਿਲਾਵੜਾ-ਉਤਸ਼ਾਹ ਇਸ ਕੀਰਤਨ ਤੋਂ ਉਪਜਦਾ ਹੈ, ਉਸ ਦੀ ਘਾਟ ਕਿਸੀ ਹੋਰ ਵਿਧੀ ਦੁਆਰਾ ਪੂਰੀ ਹੁੰਦੀ ਸੰਭਵ ਪ੍ਰਤੀਤ ਨਹੀਂ ਹੁੰਦੀ।

ਕਥਾ, ਕਹਾਣੀਆਂ, ਸਾਖੀਆਂ, ਢਾਡੀਆਂ ਦੀਆਂ ਵਾਰਾਂ, ਕਵਿਤਾਵਾਂ ਦਾ ਉੱਚਾਰਨ, ਇਹ ਸਭ ਆਪਣੇ ਥਾਂ ਮੁਬਾਰਕ ਹਨ, ਪਰ ਜਿੱਥੇ ਨਿਰੋਲ ਕੀਰਤਨ ਦਾ ਰੂਪ ਹੋਵੇ, ਓਥੇ ਸੱਚੀ ਗੁਰਬਾਣੀ, ਜਾਂ ਗੁਰ ਪੰਥ ਦੁਆਰਾ ਪਰਵਾਨਤ ਲਿਖਤਾਂ : ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਆਦਿ ਦੀਆਂ ਰਚਨਾਵਾਂ ਦਾ ਗਾਉਣਾ ਸ਼ੋਭਾ ਪਾਉਂਦਾ ਹੈ। ਅਰਦਾਸ ਵਿਚ ਵੀ ਆਪਣੇ ਮਨ ਦੀ ਭਾਵਨਾ, ਬੇਨਤੀ, ਮੰਗ ਜਾਂ ਦੁੱਖ, ਪੀੜ ਦਾ ਸੁਨੇਹਾ ਆਪਣੇ ਸ਼ਬਦਾਂ ਰਾਹੀਂ ਪ੍ਰਗਟ ਕਰਨਾ ਵਾਜਬ ਹੈ, ਪਰ ਸਿੱਖ-ਜਗਤ ਵਿਚ ਮੰਨੇ ਪਰਮੰਨੇ, ਪ੍ਰਭੂ ਨਾਲ ਅਭੇਦ ਹੋਏ ਸੰਤਾਂ ਦੀਆਂ ਰੀਸਾਂ ਕਰਕੇ ਗੁਰਬਾਣੀ ਦੀ ਤੁਕ ਨੂੰ ਘਟਾ ਵਧਾ ਕੇ, ਵਿਗਾੜ ਕੇ, ਜਾਂ ਆਪੂੰ ਬਣਾਈ ਧਾਰਨਾ

ਨੂੰ ਸੰਗੀਤਕ ਰੂਪ ਦੇ ਕੇ ਸੁਣਾਉਣਾ ਸਤਿਗੁਰ ਦੀ ਆਗਿਆ ਨੂੰ ਭੰਗ ਕਰਨਾ ਹੈ। ਕੋਈ ਗੀਤ, ਗੁਰਬਾਣੀ ਤੁੱਲ ਨਹੀਂ ਹੋ ਸਕਦਾ ਅਤੇ ਨਾ ਹੀ ਗੁਰਬਾਣੀ ਨੂੰ ਛੁਟਿਆ ਕੇ ਗੀਤ ਦੇ ਸਤਹ ਤਕ ਪਹੁੰਚਾਉਣਾ ਹੈ। ਇਹ ਕਾਵਿਕ ਰੂਪ ਵਿਚ, ਧੁਰ ਦਰਗਾਹੋਂ ਵਰ੍ਹਿਆ ਬ੍ਰਹਮ ਬੀਚਾਰ ਦਾ ਨੂਰ ਹੈ। ਭਗਤ ਕਬੀਰ ਜੀ ਦਾ ਪਾਵਨ ਫ਼ੁਰਮਾਨ ਹੈ -

*ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬੀਚਾਰ॥*
*ਜਿਉ ਕਾਸੀ ਉਪਦੇਸੁ ਹੋਇ, ਮਾਨਸ ਮਰਤੀ ਬਾਰ॥੩॥*
*ਕੋਈ ਗਾਵੈ ਕੋ ਸੁਣੈ ਹਰਿਨਾਮਾ ਚਿਤੁ ਲਾਇ॥*
*ਕਹੁ ਕਬੀਰ ਸੰਸਾ ਨਹੀ, ਅੰਤਿ ਪਰਮ ਗਤਿ ਪਾਇ॥੪॥੫੫॥* *ਅੰਗ - ੩੩੫*

ਨਾਮ ਸਿਮਰਨ ਤੇ, ਸਮੇਂ ਜਾਂ ਅਸਥਾਨ ਬਾਰੇ ਕੋਈ ਬੰਦਸ਼ ਨਹੀਂ ਹੈ। ਊਠਤ, ਬੈਠਤ, ਸੋਵਤ, ਜਾਗਤ, ਘਰ ਬਾਹਰ ਤੇ ਤੁਰਦੇ ਫਿਰਦੇ ਨਾਮ ਜਪਣ ਦੀ ਤਾਕੀਦ ਹੈ। ਪਰ ਕੀਰਤਨ ਦਾ ਪ੍ਰੋਗਰਾਮ ਹਰੇਕ ਅਸਥਾਨ ਤੋਂ ਨਹੀਂ ਸ਼ੋਭਦਾ। ਹੋਟਲਾਂ, ਕਲੱਬਾਂ, ਥੀਏਟਰਾਂ ਤੇ ਹੋਰ ਪਬਲਿਕ-ਸਥਾਨਾਂ ਵਿਚ, ਭਜਨਾਂ, ਗੀਤਾਂ, ਗ਼ਜ਼ਲਾਂ ਤੇ ਕੱਵਾਲੀਆਂ ਦਾ ਪ੍ਰੋਗਰਾਮ ਤਾਂ ਨਿਭ ਸਕਦਾ ਹੈ, ਪਰ ਇਨ੍ਹਾਂ ਦੇ ਮੁਕਾਬਲੇ ਵਿਚ ਕੀਰਤਨ ਕਰਨਾ ਆਗਿਆ ਪਾਲਣ ਹੋ ਜਾਂ ਹੁਕਮ-ਅਦੂਲੀ ਹੈ, ਗੁਰਸਿਖ ਸੰਗਤ ਨੂੰ ਸਮਝਾਉਣ ਦੀ ਗੁੰਜਾਇਸ਼ ਨਹੀਂ।ਥਾਂ ਕੁੱਥਾਂ ਕੀਰਤਨ ਕਰਨਾ ਗੁਰਸਿੱਖੀ ਦੇ ਪਰਚਾਰ ਦਾ ਸੁਚੱਜਾ ਢੰਗ ਨਹੀਂ ਗਿਣਿਆ ਜਾਂਦਾ। ਗੁਰਮਤਿ ਅਨੁਸਾਰ ਸਹੀ ਤੇ ਉੱਤਮ ਪਰਚਾਰ ਲਈ ਕੀਰਤਨ ਦੇ ਉਦੇਸ਼ ਨੂੰ ਸਮਝਣ ਤੋਂ ਕਮਾਉਣ ਦੀ ਲੋੜ ਹੈ।

ਸਿੱਖਣ ਸਿਖਾਉਣ, ਅਭਿਆਸ ਕਰਨ ਜਾਂ ਇਲਾਹੀ ਰੰਗ ਮਾਨਣ ਲਈ ਕੁਝ ਪ੍ਰੇਮੀਆਂ ਦਾ ਆਪਣੇ ਘਰ ਜਾਂ ਬਾਹਰ ਕਿਸੇ ਚੰਗੇ ਵਾਤਾਵਰਨ ਵਾਲੀ ਜਗ੍ਹਾ ਤੇ ਕੀਰਤਨ ਕਰਨਾ ਬਖ਼ਸ਼ਸ਼ ਦਾ ਪ੍ਰਗਟਾਵਾ ਹੈ, ਜਿਵੇਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ ਨਿਕਟਵਰਤੀ ਪ੍ਰੇਮੀਆਂ ਨਾਲ ਉਜਾੜ ਬੀਆਬਾਨ ਵਿਚ, ਨਾਮ ਅਭਿਆਸ ਤੇ ਕੀਰਤਨ ਦੀਆਂ ਗੂੰਜਾਂ ਪਾ ਕੇ ਮਸਹੂਲਮਸਤ ਅਵਸਥਾ ਵਿਚ ਵਿਚਰਦੇ ਸਨ, ਪਰ ਪੇਸ਼ਾਵਰ ਕੀਰਤਨੀਆਂ ਨੂੰ, ਜਿਨ੍ਹਾਂ ਦਾ ਮੁੱਖ ਕਰਤੱਵ ਸੰਗਤ ਦੀ ਬਿਰਤੀ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਨਾ ਹੈ, ਗੁਰਮਤਿ ਪਾਬੰਦੀ ਜਾ ਗੁਰ ਪੰਥ ਦੁਆਰਾ ਲਾਈ ਬੰਦਸ਼ ਤੋਂ ਬਾਹਰ ਜਾਣਾ ਸੰਭਨੀਕ ਨਹੀਂ।

ਕੀਰਤਨ ਦਾ ਮੁੱਖ ਉਦੇਸ਼, ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੱਚੀ ਬਾਣੀ ਦਾ ਕੀਰਤਨ ਸੁਣਾ ਕੇ ਪ੍ਰਸੰਨਤਾ ਪ੍ਰਾਪਤ ਕਰਨੀ ਹੈ। ਸੰਗਤ ਸ੍ਰੋਤਾ ਦੇ ਰੂਪ ਵਿਚ ਕੀਰਤਨ ਸ੍ਰਵਣ ਕਰ ਕੇ ਆਨੰਦ ਮਾਣਦੀ ਹੈ। ਕੀਰਤਨੀਏ ਜਿੰਨਾ ਅਧਿਕ ਗੁਰਦੇਵ ਜੀ ਨਾਲ ਜੁੜਨਗੇ, ਉੱਨਾ ਹੀ ਸੰਗਤ ਕੀਰਤਨ ਨਾਲ ਜੁੜੇਗੀ। ਜਿੱਥੇ ਗੁਰੂ ਵੱਸਦਾ ਹੈ, ਉਹ ਗੁਰੂ ਅਸਥਾਨ ਹੈ, ਗੁਰਦੁਆਰਾ ਹੈ! ਏਥੋਂ ਸਰੋਤਿਆਂ ਬਿਨਾਂ ਵੀ ਕੀਰਤਨ ਪਰਵਾਨ ਹੈ, ਪਰ ਸੱਚੇ ਗੁਰਦੇਵ ਦੀ ਗ਼ੈਰ-ਹਾਜ਼ਰੀ ਵਿਚ ਕੀਰਤਨ ਸੁਣਾਉਣਾ ਗੁਰਮੁਖਤਾਈ ਨਹੀਂ ਹੈ, ਭਾਵੇਂ ਸਰੋਤਿਆਂ ਦੀ ਸੰਖਿਆ ਕਿੰਨੀ ਵੀ ਹੋਵੇ। ਸੱਚੇ ਗੁਰਦੇਵ ਦੀ ਹਾਜ਼ਰੀ ਸਰੋਤਿਆਂ ਨੂੰ ਸੰਗਤ ਵਿਚ ਬਦਲ ਦਿੰਦੀ ਹੈ। ਹਜ਼ੂਰ ਦਾ ਮੁੱਖ ਵਾਕ ਹੈ :-

*ਕਰਿ ਕਿਰਪਾ ਸੰਤਨ ਸਚੁ ਕਹਿਆ॥*
*ਸਰਬ ਸੂਖ ਇਹੁ ਆਨੰਦੁ ਲਹਿਆ॥*
*ਸਾਧਸੰਗਿ ਹਰਿ ਕੀਰਤਨੁ ਗਾਈਐ॥*
*ਕਹੁ ਨਾਨਕ ਵਡਭਾਗੀ ਪਾਈਐ॥੪॥*
*ਜਾ ਕੈ ਹਰਿ ਧਨੁ ਸੋਈ ਸੁਹੇਲਾ॥*
*ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥੧॥ਰਹਾਉ ਦੂਜਾ॥੧੨॥੮੧॥* *ਅੰਗ - ੧੭੯*

ਇਸ ਗੁਰਵਾਕ ਦੀਆਂ ਮੁਢਲੀਆਂ ਪੰਗਤੀਆਂ ਰਾਹੀਂ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਐ ਜੀਵ, ਮਨ ਨੂੰ ਮਾਇਆ, ਅਕਲ, ਸਿਆਣਪ, ਸ਼ਾਹੀ ਠਾਠ, ਗਾਣੇ ਗੀਤ, ਨਾਟਕ ਅਖਾੜੇ, ਤੇ ਛਤੀਹ ਪ੍ਰਕਾਰ ਦੇ ਭੋਜਨ ਤੋਂ ਤ੍ਰਿਪਤੀ ਨਹੀਂ ਮਿਲਣੀ, ਤਾਂ ਤੇ ਸੰਤ ਜਨਾਂ ਦੇ ਸ਼ਰਨੀ ਪੈ ਜਾ ਤੇ ਸਦੀਵੀ ਸੁੱਖ ਦੀ ਪ੍ਰਾਪਤੀ ਦੀ ਸਫਲ ਜੁਗਤਿ ਉਨ੍ਹਾਂ ਤੋਂ ਪੁੱਛ। ਸੰਤਾਂ ਨੇ ਕਿਰਪਾ ਕਰਕੇ ਸਾਧ ਸੰਗਤਿ ਵਿਚ ਹਰਿ ਕੀਰਤਨ ਗਾਉਣ, ਸੁਣਾਉਣ ਤੇ ਸ੍ਰਵਣ ਕਰਨ ਦਾ ਮਾਰਗ ਦੱਸਿਆ। ਹਜ਼ੂਰ ਪ੍ਰਸ਼ਨ ਕਰਦੇ ਹਨ :-

*ਸੋ ਅਸਥਾਨੁ ਬਤਾਵਹੁ ਮੀਤਾ॥*
*ਜਾ ਕੈ ਹਰਿ ਹਰਿ ਕੀਰਤਨੁ ਨੀਤਾ॥੧॥ਰਹਾਉ॥*
*ਅੰਗ - ੩੮*

ਇਸ ਦਾ ਢੁੱਕਵਾਂ ਉੱਤਰ ਭੀ ਆਪ ਇਸੇ ਸ਼ਬਦ ਵਿਚ ਦਿੰਦੇ ਹਨ -

*ਸਾਧ ਸੰਗਿ ਹਰਿ ਕੀਰਤਨੁ ਗਾਈਐ॥*
*ਇਹੁ ਅਸਥਾਨੁ ਗੁਰੂ ਤੇ ਪਾਈਐ॥੧॥ਰਹਾਉ ਦੂਜਾ॥੫੮॥*
*ਅੰਗ - ੩੮੫*

ਮਹਾਨ ਕੀਰਤਨੀਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਮਹਾਨਤਾ ਤੇ ਵਡਿਆਈ ਵਿਸਥਾਰ ਰੂਪ ਵਿੱਚ ਦ੍ਰਿਸ਼ਟਾਈ ਹੈ। ਦੁੱਖਾਂ, ਕਲੇਸ਼ਾਂ, ਮੁਸ਼ਕਲਾਂ ਤੋਂ ਨਿਜਾਤ ਪਾਉਣ ਦੇ ਇਲਾਵਾ, ਤਨ, ਮਨ ਸੀਤਲ ਹੁਣਾ, ਧਾਵਤ ਮਨ ਦਾ

ਨਿਹਚਲ ਹੋਣਾ, ਹਿਰਦਾ, ਨਾਮ ਦੁਆਰਾ ਸਿੰਜਿਆ ਜਾਣਾ (ਜਿਵੇਂ ਵਰਖਾ ਦਾ ਪਾਣੀ ਸੁੱਕੀ ਪੈਲੀ ਨੂੰ ਸਿੰਜਦਾ ਹੈ), ਅਨਹਦ ਧੁਨੀ ਦਾ ਸੁਨਣਾ, ਮੂਧੇ ਪਏ ਹੋਏ ਕੰਵਲ ਦਾ ਖਿੜ ਕੇ ਸਿੱਧਾ ਹੋਣਾ, ਆਦਿ ਉੱਚ ਅਵਸਥਾਵਾਂ ਦਾ ਵੀ ਜ਼ਿਕਰ ਕੀਤਾ ਹੈ। ਪਰ ਇਨ੍ਹਾਂ ਦੀ ਪ੍ਰਾਪਤੀ ਗੁਰ-ਮੰਤਰ ਦੀ ਕਮਾਈ ਦੁਆਰਾ ਹੀ ਸੰਭਵ ਹੈ। ਸਤਿਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ –

*ਗੁਰ ਸੇਵਾ ਤੇ ਨਾਮੇ ਲਾਗਾ॥*
*ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥*
*ਐਸਾ ਕੀਰਤਨੁ ਕਰਿ ਮਨ ਮੇਰੇ॥*
*ਈਹਾ ਊਹਾ ਜੋ ਕਾਮਿ ਤੇਰੈ॥੧॥ਰਹਾਉ॥*
*ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ॥*
*ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ॥*
*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥*
*ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥੮॥੨॥*

*ਅੰਗ – ੨੩੬*

ਇਹ ਬਖ਼ਸ਼ਸ਼ਾਂ ਦਾ ਭੰਡਾਰ, ਅਖੰਡ ਕੀਰਤਨ ਦੀ ਬਦੌਲਤ ਹੈ, ਐਸਾ ਅਖੰਡ ਕੀਰਤਨ ਜਿਸ ਵਿਚ ਲਗਾਤਾਰ ਅਕਾਲ ਉਸਤਤਿ ਦਾ ਪਰਵਾਹ ਚੱਲੇ ਅਤੇ ਜੋ, ਭਾਸ਼ਣ, ਲੈਕਚਰ, ਵਿਆਖਿਆ ਤੇ ਕੱਚੀ ਬਾਣੀ ਤੋਂ ਰਹਿਤ ਹੋਵੇ, ਜਜ਼ਬਾਤ ਭੜਕਾਊ ਤਰਜ਼ਾਂ ਤੇ ਮਨ ਖਿੰਡਾਉਣ ਵਾਲੀਆਂ ਧੁਨੀਆਂ ਤੋਂ ਮੁਕਤ ਹੋਵੇ। ਅਖੰਡ ਕੀਰਤਨ ਦਾ ਵਿਸ਼ਾ ਕੇਵਲ ਵਾਹਦੀਅਤ ਹੈ ਤੇ ਇਸ ਦਾ ਬਹੁ-ਪੱਖੀ ਰੂਪ ਅਤੇ ਪ੍ਰਭਾਵਸ਼ਾਲੀ ਹੈ।

ਕੀਰਤਨ ਮੁਰਦਾ ਰੂਹਾਂ ਵਿਚ ਨਵੀਂ ਜ਼ਿੰਦਗੀ ਭਰਨ ਵਾਲੀ ਇਕ ਸੰਜੀਵਨੀ ਬੂਟੀ ਹੈ। ਇਸ ਦਾ ਅਚੂਕ ਪ੍ਰਭਾਵ ਨਾ-ਕੇਵਲ ਮਨੁੱਖੀ ਹਿਰਦੇ ਤੇ ਪੈਂਦਾ ਹੈ, ਬਲਕਿ ਜਾਨਵਰਾਂ, ਪੰਛੀਆਂ, ਪਸ਼ੂਆਂ ਅਤੇ ਪ੍ਰੇਤਾਂ ਦੀਆਂ ਪਤਿਤ ਬਿਰਤੀਆਂ ਵੀ ਅਗੰਮੀ ਸੁਆਦ ਨਾਲ ਅਨੰਦਤ ਹੁੰਦੀਆਂ ਹਨ। ਫ਼ੁਰਮਾਨ ਹੈ –

*ਮਿਰਤਕ ਕਉ ਪਾਇਓ ਤਨਿ ਸਾਸਾ, ਬਿਛੁਰਤ ਆਨਿ ਮਿਲਾਇਆ॥*
*ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥੧॥*
*ਪੂਰੇ ਗੁਰ ਕੀ ਦੇਖੁ ਵਡਾਈ॥*
*ਤਾ ਕੀ ਕੀਮਤਿ ਕਹਣੁ ਨ ਜਾਈ॥ਰਹਾਉ॥੨੧॥*

*ਅੰਗ – ੬੧੪*

ਇਸ ਤਰ੍ਹਾਂ ਦੀ ਮਹਾਨ ਇਨਕਲਾਬੀ ਕਲਾ ਵਰਤਾਉਣੀ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ। ਆਪ ਜੀ ਤੋਂ ਪਹਿਲਾਂ ਕੀਰਤਨ ਦਾ ਇਹ ਸੁੰਦਰ ਸਰੂਪ ਤੇ ਇਸ ਦਾ ਅੰਮ੍ਰਿਤਮਈ ਪ੍ਰਭਾਵ ਕਲਜੁਗੀ ਜੀਵਾਂ ਦੇ ਕਲਿਆਣ ਲਈ ਪ੍ਰਗਟ ਨਹੀਂ ਸੀ ਹੋਇਆ। ਬਗਦਾਦ ਸ਼ਹਿਰ ਵਿਚ ਹਜ਼ੂਰ ਦੀ ਬਾਂਗ (ਅੰਮ੍ਰਿਤ ਵੇਲੇ ਰੱਬੀ ਕੀਰਤਨ ਦਾ ਅਲਾਪ) ਤੇ ਮਤਦਾਨ ਦੀ ਰਬਾਬ ਦੇ ਜਾਦੂ ਨੇ ਸਾਰੀ ਨਗਰੀ ਸੁੰਨ-ਮੁੰਨ ਕਰ ਦਿੱਤੀ, ਕੁਦਰਤਿ ਖ਼ਾਮੋਸ਼ ਹੋ ਗਈ, ਬਨਸਪਤੀ ਦਾ ਪੱਤਾ ਪੱਤਾ ਅਹਿੱਲ ਹੋ ਗਿਆ, ਪਸ਼ੂ ਪੰਛੀ ਵਜਦ ਵਿਚ ਆ ਕੇ ਸ਼ਬਦ-ਧੁਨੀ ਵਿਚ ਲੀਨ ਹੋ ਗਏ। ਖ਼ੁਦ-ਪ੍ਰਸਤ ਬੰਦਿਆਂ ਦੇ ਫੁਰਨਿਆਂ ਦਾ ਅਭਾਵ ਹੋ ਗਿਆ, ਮਨਾਂ ਵਿਚ ਸੁੰਨ ਅਵਸਥਾ ਜਿਹੀ ਛਾ ਗਈ, ਆਤਮਾ ਨੂੰ ਵਾਸ਼ਨਾ ਦੀ ਭੁੱਖ ਤੋਂ ਨਿਜਾਤ ਮਿਲ ਗਈ, ਜਿਵੇਂ ਕਿ ਅਕਹਿ ਅਨੰਦ ਸਰੂਰ ਦੀ ਖ਼ੁਰਾਕ ਮਿਲ ਗਈ ਹੋਵੇ। ਇਸ ਅਜੀਬ ਕੌਤਕ ਦੇ ਸਦਕੇ, ਕਿਸੇ ਮੁਲਾਣੇ ਜਾ ਕਾਜ਼ੀ ਦੀ ਹਿੰਮਤ ਨਹੀਂ ਪਈ, ਕਿ ਉਹ ਨਿਰਾਦਰ ਭਰੇ ਸ਼ਬਦਾਂ ਨਾਲ ਹਜ਼ੂਰ ਨਾਲ ਮੁਖ਼ਾਤਬ ਹੋ ਕੇ ਚਰਚਾ ਕਰਦਾ।

ਇਸ ਦੇ ਵਿਪਰੀਤ ਸਾਧਾਰਨ ਕੀਰਤਨੀਆਂ ਨੂੰ ਕਈ ਵਾਰ ਗਿਲਾ ਹੁੰਦਾ ਹੈ ਕਿ ਉਨ੍ਹਾਂ ਨੂੰ ਦਿੱਤੇ ਸਮੇਂ ਵਿਚ ਸਰੋਤਿਆਂ ਦੀ ਸੰਖਿਆ ਘੱਟ ਹੁੰਦੀ ਹੈ। ਐ ਮਨ, 'ਪੂਰੇ ਗੁਰ ਕੀ ਦੇਖੁ ਵਡਾਈ॥ ਤਾ ਕੀ ਕੀਮਤਿ ਕਹਣੁ ਨ ਜਾਈ॥' (ਅੰਗ – ੬੧੪) ਉਨ੍ਹਾਂ ਦੇ ਰੱਬੀ ਕੀਰਤਨ ਦਾ ਮੁਅੱਜਜ਼ਾ ਤੱਕ, ਜਿਸ ਨੂੰ ਸੁਣ ਕੇ ਅਗਿਆਨੀ, ਪਸ਼ੂ, ਫਿਟਕਾਰੇ ਪਰੇਤ ਤੇ ਮੂਰਖ ਮੁਗਧ ਇਨਸਾਨ ਵੀ ਦ੍ਰਵ ਕੇ ਸਰੋਤੇ ਬਣ ਗਏ।

ਦੰਭੀ ਤੇ ਕਚਘਰੜ ਗੁਰੂ ਚੇਲਿਆਂ ਨੂੰ ਆਪਣੇ ਪਿਛੇ ਲਾਉਣ ਲਈ ਤੇ ਗੱਦੀ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਪਣੇ ਮਨੋਰਥ ਦੀ ਪੂਰਤੀ ਲਈ ਉਚਿਤ ਉਪਦੇਸ਼ ਦੀ ਵਰਤੋਂ ਕਰਦੇ ਹਨ, ਪਰ ਅਨਗਿਣਤ ਗੁਣਾਂ ਦੇ ਭੰਡਾਰ ਵਿਚੋਂ ਜਾਣ ਬੁੱਝ ਕੇ ਅਤੇ ਵਿਸ਼ੇਸ਼ ਤੌਰ ਤੇ ਦੋ ਗੁਣਾਂ ਨੂੰ ਗ੍ਰਹਿਣ ਕਰਨ ਤੋਂ ਸਦਾ ਹੀ ਹਿਚਕਚਾਉਂਦੇ ਆਏ ਹਨ, ਉਹ ਹਨ – (੧) ਸੱਚੀ ਬਾਣੀ ਦਾ ਕੀਰਤਨ, (੨) ਜਗਤ ਜੂਠ ਤਮਾਕੂ ਦੀ ਵਰਤੋਂ ਤੋਂ ਵਰਜਣਾ। ਮੱਕਾਰ ਆਦਮੀ ਭੋਲੇ ਤੇ ਅਨਜਾਣ ਨਹੀਂ ਹੁੰਦੇ, ਉਹ ਅਵੱਸ਼ ਜਾਣ ਦੇ ਹਨ ਕਿ ਕੀਰਤਨ, ਗੁਰਮਤਿ ਨਾਮ ਦੀ ਮਹਿਮਾ ਤੇ ਮਨਮਤਿ ਨਾਮ ਦੇ ਪੋਲ ਨੂੰ ਉਜਾਗਰ ਕਰਦਾ ਹੈ ਤੇ ਜਗਤ ਜੂਠ ਤੇ ਲਾਈ ਪਾਬੰਦੀ ਚੰਦਨ-ਵਤ ਸੁਰਧਿਤ ਨਾਮ, ਉੱਦਮ, ਦਲੇਰੀ, ਸੂਰਮਗਤੀ ਤੇ ਅਣਖ ਦਾ ਜਜ਼ਬਾ ਉਤਪੰਨ ਕਰਦੀ ਹੈ। ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਨੂੰ ਇਹ ਤੌਖਲਾ ਤੇ ਸੰਸਾ ਰਹਿੰਦਾ ਹੈ ਕਿ ਦੋਹਾਂ ਗੁਣਾਂ ਦੇ

ਪਰਚਾਰ ਨਾਲ ਸਿੱਖ ਧਰਮ ਦਾ ਵਕਾਰ ਹੋਰ ਉੱਚਾ ਹੋ ਕੇ ਜਗਤ ਵਿਚ ਚਮਕੇਗਾ। ਗੁਰ-ਸ਼ਬਦ ਤੇ ਅਗਿਆਨੀਆਂ ਦੀ ਪੂਜਾ ਬਾਰੇ ਗਿਆਨ ਰਤਨਾਵਲੀ ਵਿਚ ਲਿਖਿਆ ਹੈ - ਜਿੱਥੇ ਬਾਬੇ ਦਾ ਸ਼ਬਦ ਪੜ੍ਹਿਆ ਜਾਂਦਾ ਹੈ, ਓਥੇ ਮੜ੍ਹੀਆਂ ਤੋਂ ਮੱਟਾਂ ਦੀ, ਅਗਯਾਨੀਆਂ ਤੇ ਦੇਵੀ ਦੇਵਤਿਆਂ ਦੀ ਪੂਜਾ ਘੱਟ ਜਾਂਦੀ ਹੈ। (ਟੀਕਾ ੨੭ਵੀਂ ਪੌੜੀ ਦਾ)

ਪ੍ਰੇਮਾ ਭਗਤੀ ਭਾਵਨਾ ਨਾਲ, ਮਿੱਠੀ ਸੁਰੀਲੀ ਧੁਨੀ ਵਿਚ ਗਾਈ ਗੁਰਬਾਣੀ ਰਸਾਇਣ ਦਾ ਰੂਪ ਧਾਰਦੀ ਹੈ। ਸਤਿਗੁਰੂ ਜੀ ਦਾ ਪਾਵਨ ਉਪਦੇਸ਼ ਹੈ ਕਿ ਅੰਮ੍ਰਿਤ ਰੂਪੀ ਕੀਰਤਨ ਦੀ ਛਹਿਬਰ ਪੱਥਰ ਦਿਲ ਨੂੰ ਮੋਮ ਕਰਕੇ ਨਿਰੰਕਾਰ ਦੇ ਦੇਸ਼ ਪਹੁੰਚਾਵਣ ਦੀ ਕਲਾ ਵਰਤਾਉਣ ਦੇ ਸਮਰਥ ਹੈ। ਭਗਤ ਰਤਨਾਵਲੀ ਅਨੁਸਾਰ ਗੁਰੂ ਅਰਜਨ ਦੇਵ ਜੀ, ਆਪਣੇ ਸਿਖਾਂ : ਝਾੜੂ, ਮੁਕੰਦੂ ਤੇ ਕਿਦਾਰਾ ਨੂੰ ਬਚਨ ਕਰਦੇ ਹਨ, ਤੁਸਾਂ ਨੂੰ ਰਾਗ ਦੀ ਸੋਝੀ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕਈ ਜੋਗ ਤਪ ਨਹੀਂ, ਇਹ ਸ਼ਾਤਕੀ ਸਾਧਨ ਹੈ, ਤੁਸੀਂ ਕੀਰਤਨ ਕਰਿਆ ਕਰੋ।... ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।

ਐਸੀ ਜ਼ਾਹਰੀ ਕਲਾ ਹੈ, ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਦੀ।ਆਪਣੀ ਬਿਰਤੀ ਅਨੁਸਾਰ ਕਦੇ ਜ਼ਮੀਰ ਰੌਸ਼ਨ ਹੁੰਦਾ ਹੈ, ਕਦੇ ਪ੍ਰੇਮ-ਰੂਪੀ ਬਾਣ ਨਾਲ ਮਨ ਵਿੰਨ੍ਹਿਆ ਜਾਂਦਾ ਹੈ, ਕਦੇ ਰੂਹਾਨੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਕਦੇ ਪ੍ਰਭੂ ਚਰਨਾਂ ਵਿਚ ਲਿਵਲੀਨਤਾ। ਗੁਰਮੁਖਾਂ ਦਾ ਕਹਿਣਾ ਹੈ ਕਿ ਗਿਆਨ ਨਾਲ ਪ੍ਰਭੂ ਜਾਣਿਆ ਜਾਂਦਾ ਹੈ ਤੇ ਪ੍ਰੇਮਾ ਭਗਤੀ ਦੁਆਰਾ ਪਾਇਆ ਜਾਂਦਾ ਹੈ। ਇਹ ਦੋਨੋ ਪਰਕਾਰ ਦੀਆਂ ਬਰਕਤਾਂ ਕੀਰਤਨ ਵਿਚੋਂ ਵਰ੍ਹਦੀਆਂ ਹਨ।

ਕੀਰਤਨ ਨੇ ਮਾਨਸਕ ਅਵਸਥਾ ਵਿਚ ਮਹੱਤਵ-ਪੂਰਣ ਤਬਦੀਲੀਆਂ ਲਿਆਂਦੀਆਂ ਹਨ, ਜਿਨ੍ਹਾਂ ਦਾ ਵਰਨਣ ਹਜ਼ੂਰ ਨੇ ਬਹੁਤ ਵਿਸਥਾਰ ਨਾਲ ਕੀਤਾ ਹੈ।

*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥*
*ਸ੍ਰਮੁ ਥਾਕਾ, ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥੧॥*
*ਅਬ ਮੋਹਿ ਜੀਵਨ ਪਦਵੀ ਪਾਈ॥*
*ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥੧॥ਰਹਾਉ॥੬॥* *ਅੰਗ - ੧੦੦੦*

*(ਪੰਨਾ 5 ਦੀ ਬਾਕੀ)*

ਮਹੰਤਾਂ ਵਾਂਗ ਪ੍ਰਬੰਧ ਕਰਨਗੇ ਤਾਂ ਕੀ ਕਰਾਂਗੇ? ਇਸ ਪ੍ਰਸ਼ਨ ਉੱਤੇ ਸ਼ਾਇਦ ਖਾਲਸਾ ਪੰਥ ਨੇ ਉਦੋਂ ਵਿਚਾਰ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਦੇ ੫੦ ਸਾਲਾ ਇਤਿਹਾਸ ਅਨੁਸਾਰ ੧੯੨੬ ਤੋਂ ਪੰਜ ਸਾਲ ਬਾਅਦ ੧੯੩੧ ਨੂੰ ਇਕ ਜਨਰਲ ਅਜਲਾਸ ਵਿਚ ਇਕ ਮਤਾ ਪਾਸ ਹੋਇਆ ਸੀ ਕਿ ਕਮੇਟੀ ਦੇ ਪੰਜ ਸਾਲ ਪੂਰੇ ਹੋਣ ’ਤੇ (Review) ਨਜ਼ਰ ਮਾਰਨੀ ਚਾਹੀਦੀ ਹੈ ਕਿ ਕੀ ਕਮੇਟੀ ਦੀ ਕਾਰਗੁਜ਼ਾਰੀ ਠੀਕ ਚੱਲ ਰਹੀ ਹੈ? ਪਰੰਤੂ ਸੰਨ ੧੯੩੧ ਤੋਂ ੨੦੨੪ ਤਕ ੯੩ ਸਾਲ ਲੰਘ ਗਏ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਤਕ ਕੋਈ ਪੜਤਾਲੀਆ ਕਮਿਸ਼ਨ ਨਹੀਂ ਬਣਾਇਆ, ਜੋ ਚੰਗੇ ਸੁਝਾਉ ਦੇ ਕੇ ਪ੍ਰਬੰਧ ਵਿਚ ਸੁਧਾਰ ਲਿਆਉਂਦਾ। ਅਕਾਲੀ ਦਲ ਮੁੱਢਲੀ ਸ਼੍ਰੋਮਣੀ ਕਮੇਟੀ ਦੇ ਅਧੀਨ ਵਾਲੰਟੀਅਰਾਂ ਦਾ ਦਲ ਹੁੰਦਾ ਸੀ, ਜਿਸ ਨੇ ਥਾਂ-ਪੁਰ-ਥਾਂ ਗੁਰਦੁਆਰੇ ਆਜ਼ਾਦ ਕਰਾਉਣ ਵਿਚ ਵੱਡਾ ਰੋਲ ਅਦਾ ਕੀਤਾ। ਅੱਜ ਦਸ਼ਾ ਬਦਲ ਗਈ ਹੈ। ਅਕਾਲੀ ਦਲ ਪੰਥਕ ਪਾਰਟੀ ਦੇ ਰੂਪ ਵਿਚ ਨਾ ਰਹਿ ਕੇ ਇਕ ਸਿਆਸੀ ਅਤੇ Secular ਪਾਰਟੀ ਬਣ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਭੀ ਉਸ ਦਾ ਪੂਰਾ ਕਬਜ਼ਾ ਹੈ। ਅੱਜ ਲੋੜ ਹੈ ਵਿਚਾਰ ਕਰਨ ਦੀ ਕਿ ਕਿਵੇਂ ‘ਨਵੇਂ ਮਹੰਤਾਂ’ ਤੋਂ ਇਤਿਹਾਸਕ ਗੁਰਧਾਮਾਂ ਨੂੰ ਆਜ਼ਾਦ ਕਰਾਇਆ ਜਾਵੇ, ਜਿਸ ਦੇ ਲਈ ਕੌਮ ਨੇ ਸ਼ਹੀਦੀਆਂ ਦਿੱਤੀਆਂ ਸਨ। ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅੰਦਰ ਮਹੰਤਾਂ ਵਾਲੀਆਂ ਕੁਰੀਤੀਆਂ ਘਰ ਕਰ ਗਈਆਂ ਹਨ, ਉਹਨਾਂ ਵਿਚ ਸ਼ਰਾਬ ਅਤੇ ਕੁਰੱਪਸ਼ਨ…ਗੁਰੂ ਕੀ ਗੋਲਕ ਦੀ ਨਾਜਾਇਜ਼ ਵਰਤੋਂ ਤਾਂ ਹੁਣ ਆਮ ਗੱਲ ਹੈ। ਇਸ ਦੇ ਸੁਧਾਰ ਲਈ ਕੋਈ ਲਹਿਰ ਚੱਲਣੀ ਚਾਹੀਦੀ ਹੈ। ੧੯੨੬ ਦੇ ਕਾਨੂੰਨ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਕੇਵਲ ਇਕ ਗੁਰਦੁਆਰਾ ਹੀ ਪ੍ਰਵਾਨਿਆ ਗਿਆ ਹੈ, ਪਰ ਸ੍ਰੀ ਅਕਾਲ ਤਖ਼ਤ ਹੁਣ ਇਕ ਸੁਤੰਤਰ ਅਤੇ ਸਰਬ-ਉੱਚ ਸੰਸਥਾ ਦੇ ਦੇ ਰੂਪ ਵਿਚ ਉਭਰਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਇਕ Reform ਕਮਿਸ਼ਨ ਦਾ ਗਠਨ ਕਰੇ, ਜੋ ਬੜੇ ਵਿਸਥਾਰ ਨਾਲ ਸਾਰੇ ਮਸਲਿਆਂ ਉੱਤੇ ਵਿਚਾਰ ਕਰੇ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਆ ਰਹੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਸੁਝਾਉ ਦੇਵੇ।

# ਪਖੰਡ-ਜੋਗ ਤੇ ਗੁਰਮਤਿ ਨਾਮ-ਜੋਗ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥*
*ਵਸਗਤਿ ਪੰਚ ਕਰੇ ਨਹ ਡੋਲੈ॥*
*ਐਸੀ ਜੁਗਤਿ ਜੋਗ ਕਉ ਪਾਲੇ॥*
*ਆਪਿ ਤਰੈ ਸਗਲੇ ਕੁਲ ਤਾਰੇ॥੧॥*
*ਸੋ ਅਉਧੂਤੁ ਐਸੀ ਮਤਿ ਪਾਵੈ॥*
*ਅਹਿਨਿਸਿ ਸੁੰਨਿ ਸਮਾਧਿ ਸਮਾਵੈ॥੧॥ਰਹਾਉ॥*
*ਭਿਖਿਆ ਭਾਇ ਭਗਤਿ ਭੈ ਚਲੈ॥*
*ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ॥*
*ਧਿਆਨ ਰੂਪਿ ਹੋਇ ਆਸਣੁ ਪਾਵੈ॥*
*ਸਚਿ ਨਾਮਿ ਤਾੜੀ ਚਿਤੁ ਲਾਵੈ॥੨॥*
*ਨਾਨਕੁ ਬੋਲੈ ਅੰਮ੍ਰਿਤ ਬਾਣੀ॥*
*ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ॥*
*ਆਸਾ ਮਾਹਿ ਨਿਰਾਸੁ ਵਲਾਏ॥*
*ਨਿਹਚਉ ਨਾਨਕ ਕਰਤੇ ਪਾਏ॥੩॥*
*ਪ੍ਰਣਵਤਿ ਨਾਨਕੁ ਅਗਮੁ ਸੁਣਾਏ॥*
*ਗੁਰ ਚੇਲੇ ਕੀ ਸੰਧਿ ਮਿਲਾਏ॥*
*ਦੀਖਿਆ ਦਾਰੂ ਭੋਜਨੁ ਖਾਇ॥*
*ਛਿਅ ਦਰਸਨ ਕੀ ਸੋਝੀ ਪਾਇ॥੪॥੫॥*

*ਅੰਗ - ੮੭੭-੭੮*

ਇਸ ਗੁਰਵਾਕ ਦਵਾਰਾ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਸਿੱਧ ਮੰਡਲੀ ਵਾਲੇ ਜੋਗੀਆਂ ਨੂੰ ਖ਼ੁਦ ਮਿਲ ਕੇ ਸਨਮੁਖ ਉਪਦੇਸ਼ ਦੇਂਦੇ ਹਨ ਕਿ ਤੁਹਾਡੇ ਅਨਮਤਿ ਪਾਖੰਡ ਜੋਗ ਵਿਚ ਕੁਝ ਨਹੀਂ ਧਰਿਆ ਪਿਆ, ਤਾਂ ਤੇ ਉਨ੍ਹਾਂ ਪ੍ਰਤੀ ਸੱਚਾ ਗੁਰਮਤਿ ਜੋਗ ਦ੍ਰਿੜਾਉਂਦੇ ਹਨ।

ਪ੍ਰਿਥਮ ਤਾਂ ਸਿਧ ਮੰਡਲੀ ਦੇ ਇਕ ਪ੍ਰਸਿੱਧ ਜੋਗੀ ਮਾਛਿੰਦਰ ਨਾਥ ਨਾਮ ਵਾਲੇ ਇਕ ਵਡੇ ਜੋਗੀ ਪ੍ਰਤੀ ਇਹ ਬਿਧਿ ਮਤਿ ਬਖਸ਼ਦੇ ਹਨ, ਕਿ ਜੋਗਾਂ ਸਿਰ ਜੋਗ ਦਾ ਪਹਿਲਾ ਸੱਚਾ ਨੁਸਖ਼ਾ ਇਹ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜਾਂ ਵਿਕਾਰਾਂ ਨੂੰ ਵਸਗਤਿ ਕਰੇ, ਅਤੇ ਇਨ੍ਹਾਂ ਵਲੋਂ ਸਦਾ ਅਡੋਲ ਰਹਿ ਕੇ ਸਾਵਧਾਨ ਰਹੇ। ਇਸ ਸਾਵਧਾਨਤਾ ਸਹਿਤ ਗੁਰਮਤਿ ਨਾਮ ਅਭਿਆਸ ਕਰਨ ਵਾਲਾ ਸੱਚਾ ਜੋਗ-ਜਗਤੀਸ਼ਰ ਗੁਰਮੁਖ ਜੋਗੀ ਹੈ। ਅਰਥਾਤ, ਉਪਰ ਦਸੀ ਗੁਰਮਤਿ ਜੋਗ ਦੀ ਜੁਗਤੀ ਨੂੰ ਜੋ ਪਾਲਦਾ ਹੈ, ਉਹੀ ਸੱਚਾ ਜੋਗੀ ਹੈ। ਐਸਾ ਗੁਰਮੁਖ ਜੋਗੀ ਨਾ ਸਿਰਫ਼ ਆਪ ਹੀ ਭਵਸਾਗਰ ਤੋਂ ਤਰ ਜਾਂਦਾ ਹੈ, ਬਲਕਿ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਤਾਰ ਲੈਂਦਾ ਹੈ। ਵਿਰੱਕਤ ਸਾਧੂ ਸੱਚਾ ਅਵਧੂਤ ਜੋਗੀ ਸੋਈ ਹੈ, ਜੋ ਉਪਰ ਦੱਸੀ ਗੁਰਮਤਿ ਮਤਿ ਅਨੁਸਾਰ ਜੋਗ ਕਮਾਉਂਦਾ ਹੈ। ਯਥਾ-ਗੁਰਮੁਖਿ ਜੋਗੀ ਸੋ ਹੈ ਜੋ ਦਿਨੇ ਰਾਤ ਗੁਰਮਤਿ ਨਾਮ ਵਿਚ ਲੀਨ ਰਹਿ ਕੇ ਅਫੁਰ ਨਿਰਵਿਕਲਪ ਵਿਚ ਸਮਾ ਜਾਂਦਾ ਹੈ। ਐ ਜੋਗੀਓ! ਤੁਸੀਂ ਝੂਠੀ ਭਿਖਿਆ ਮੰਗਣ ਵਿਚ ਪ੍ਰਵਿਰਤ ਰਹਿੰਦੇ ਹੋ, ਗੁਰਮਤਿ ਨਾਮ ਰੂਪੀ ਸੱਚੀ ਭੈ-ਭਗਤੀ ਅਤੇ ਪ੍ਰਮਾਰਥ ਦੇ ਸੱਚੇ ਭੈ ਅੰਦਰ ਚਲਨਾ ਹੀ ਸੱਚੀ ਭਿਖਿਆ ਮੰਗਣਾ ਹੈ। ਅਮੁੱਲਾ ਸੰਤੋਖ ਕੇਵਲ ਗੁਰਮਤਿ ਨਾਮ ਦੇ ਰੰਗਾਂ ਵਿਚ ਹੀ ਰੰਗੀਜੇ ਰਹਿਣਾ ਹੈ। ਐਸੇ ਪ੍ਰਮਾਰਥ ਰੰਗਾਂ ਵਿਚ ਰਤੇ ਰਹਿਣ ਕਰਕੇ ਹੀ ਸੱਚੀ ਤ੍ਰਿਪਤੀ ਆਉਂਦੀ ਹੈ। ਐਸਾ ਗੁਰਮਤਿ ਨਾਮ ਅਭਿਆਸ ਕਰਦਾ ਹੋਇਆ, ਅਤੇ ਵਾਹਿਗੁਰੂ ਦਾ ਧਿਆਨ ਧਰਦਾ ਹੋਇਆ ਧਿਆਨ ਰੂਪ ਹੋ ਜਾਵੇ, ਐਸਾ ਆਸਨ ਜਮਾਉਣਾ ਅਤੇ ਧਿਆਨ ਵਿਚ ਤਦ-ਰੂਪ ਹੋ ਜਾਣਾ ਹੀ ਸੱਚੀ ਗੁਰਮਤਿ ਜੋਗ-ਜੁਗਤਿ ਹੈ। ਐ ਜੋਗੀਓ! ਇਹ ਜੋ ਤੁਸੀਂ ਝੂਠੀਆਂ ਤਾੜੀਆਂ ਲਾਂਉਦੇ ਹੋ, ਇਹ ਕਿਸੇ ਲੇਖੇ ਹੀ ਨਹੀਂ, ਕਿਉਂਕਿ ਸੰਕਲਪ ਤੁਹਾਡੇ ਮਿਟਦੇ ਹੀ ਨਹੀਂ। ਸੱਚੇ ਨਾਮ ਵਿਚ ਹੀ ਸਾਸ ਗਿਰਾਸ ਅਭਿਆਸ ਸਥਿਤ ਹੋ ਕੇ ਹੀ ਸੱਚੀ ਤਾੜੀ ਲਗਦੀ ਹੈ ਅਤੇ ਕੋਈ ਫੁਰਨਾ ਆਦਿ ਹੋਰ ਨਹੀਂ ਫੁਰਦਾ। ਇਸ ਬਿਧਿ, ਕੇਵਲ ਇਸ ਬਿਧਿ ਹੀ ਵਾਹਿਗੁਰੂ ਦੇ ਚਰਨਾਂ ਵਿਚ ਚਿੱਤ ਲਗਦਾ ਹੈ।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅੰਮ੍ਰਿਤ ਬਾਣੀ ਹੀ ਉਚਾਰਨ ਕਰਨੀ ਚਾਹੀਦੀ ਹੈ। ਹੇ ਮਾਛਿੰਦਰ ਜੋਗੀ! ਜ਼ਰਾ ਕੰਨ ਲਾ ਕੇ ਸੁਣ, ਸੱਚੀ ਗੁਰਮਤਿ ਸਿੱਖਿਆ ਨੂੰ, ਕਿ ਸੱਚੇ ਅਉਧੂ ਦੀ ਨੀਸ਼ਾਨੀ ਇਹ ਹੈ ਕਿ ਉਹ ਆਸਾ ਵਿਚ ਨਿਰਾਸ ਹੋ ਕੇ ਸਾਰੀ ਉਮਰ ਬਤੀਤ ਕਰੇ, ਯਕੀਨਨ ਐਸਾ

**(ਬਾਕੀ ਪੰਨਾ 21 ਤੇ)**

# ਅਕਾਲ ਪੁਰਖ

*(ਪ੍ਰੋਫੈਸਰ ਗੁਰਮੁਖ ਸਿੰਘ ਜੀ)*

ਗੁਰਮਤਿ ਇਕ ਆਸਤਕ ਧਰਮ ਹੈ। ਇਸ ਅੰਦਰ ਪ੍ਰਭੂ ਪਰਮੇਸ਼ਰ ਜੀ ਸੰਬੰਧੀ ਜੋ ਵਿਚਾਰਧਾਰਾ ਸ੍ਰੀ ਗੁਰੂ ਸਾਹਿਬਾਨ ਨੇ ਵਿਅਕਤ ਕੀਤੀ ਹੈ, ਉਸ ਦਾ ਅਧਾਰ ਰਹੱਸਵਾਦੀ ਅਨੁਭਵ ਹੈ। ਗੁਰਵਾਕ –

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥੪॥ ਅੰਗ – ੮੯੪*

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਨਿਜੀ ਗਵਾਹੀ ਭਰਦੇ ਹੋਏ ਫੁਰਮਾਉਂਦੇ ਹਨ –

*ਸਤਿਗੁਰੁ ਦੇਖਿਆ, ਦੀਖਿਆ ਲੀਨੀ॥੪॥*
*ਅੰਗ – ੨੨੭*

*ਅਪਰੰਪਰ ਪਾਰਬ੍ਰਹਮੁ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ॥੫॥੧੧॥ ਅੰਗ – ੫੯੯*

ਇੰਜ ਸਤਿਗੁਰੂ ਸਾਹਿਬਾਨ ਦੇ ਸਮੁੱਚੇ ਸਿਧਾਂਤਾਂ ਦੀ ਗੁਰਮਤਿ ਫ਼ਿਲਾਸਫ਼ੀ, ਸਮਕਾਲੀ ਵਿਚਾਰਧਾਰਾ (ਭਾਰਤੀ ਜਾਂ ਸਾਮੀ) ਤੋਂ ਭਿੰਨ ਅਤੇ ਵਿਲੱਖਣ ਹੈ ਅਤੇ ਉਹ ਰਹੱਸਮਈ ਅਨੁਭਵ ਚੋਂ ਪਰਗਟ ਹੋਈ ਹੈ, ਨਾ ਕਿ ਬੌਧਿਕ ਸੋਚ ਜਾਂ ਚਿੰਤਨ ਤੋਂ। ਜਿਹਾ ਕਿ ਗੁਰ ਫੁਰਮਾਨ ਹੈ –

*ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥*
*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ਅੰਗ – ੩੯੭*

*ਕਥਾ ਕਹਾਣੀ ਬੇਦੀ ਆਣੀ, ਪਾਪੁ ਪੁੰਨੁ ਬੀਚਾਰੁ॥*
*ਦੇ ਦੇ ਲੈਣਾ ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ॥*
*ਉੱਤਮ ਮਧਿਮ ਜਾਤੀ ਜਿਨਸੀ, ਭਰਮਿ ਭਵੈ ਸੰਸਾਰੁ॥*
*ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ॥ ਅੰਗ – ੧੨੪੩*

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ॥*
*ਤਤੈ ਸਾਰ ਨ ਜਾਣੀ ਗੁਰੂ ਬਾਝਹੁ, ਤਤੈ ਸਾਰ ਨ ਜਾਣੀ॥*
*ਅੰਗ – ੯੨੦*

*ਬੇਦ ਕਤੇਬ ਕਰਹਿ ਕਹ ਬਪੁਰੇ, ਨਹ ਬੂਝਹਿ ਇਕ ਏਕਾ॥੬॥ ਅੰਗ – ੧੧੫੩*

ਇਹ ਗੱਲ ਹੋਰ ਹੈ ਕਿ ਗੁਰਮਤਿ ਸਿਧਾਂਤ ਕਿਤੇ ਕਿਤੇ ਸਮਕਾਲੀ ਵਿਚਾਰਧਾਰਾ ਨੂੰ ਪਰਵਾਨ ਕਰਦਾ ਹੈ; ਪਰ ਉਹ ਭੀ ਉਥੋਂ ਜਿਥੋਂ ਉਹ ਯਥਾਰਥ ਹੋਵੇ, ਨਹੀਂ ਤਾਂ ਨਹੀਂ। ਅਵਤਾਰ-ਵਾਦ ਦਾ ਗੁਰਮਤਿ ਵਿਚ ਖੰਡਨ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਗਿਆ ਹੈ –

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥੩॥੧॥*
*ਅੰਗ – ੧੧੩੬*

ਕਿਉਂਕਿ ਅਕਾਲਪੁਰਖ ਅਜੂਨੀ ਹੈ।

ਸ੍ਰੀ ਗੁਰੂ ਜੀ ਨੇ ਸਭ ਤੋਂ ਪਹਿਲਾ ਸਿਧਾਂਤ, ਸ੍ਰੀ ਅਕਾਲ ਜੀ, ਦੀ ਹਸਤੀ ਦੇ ਗੁਣਾਂ ਦਾ ਦਿੱਤਾ ਜਿਸ ਨੂੰ ਹੁਣ ਮੂਲ ਮੰਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਦੇ ਸਮਕਾਲੀ ਚਿੰਤਕ ਜੈਨੀ, ਬੋਧੀ ਤੇ ਸਿੱਖ ਸ਼ਾਸਤਰੀ ਪ੍ਰਭੂ-ਪਿਤਾ ਦੀ ਹਸਤੀ ਨੂੰ ਹੀ ਨਹੀਂ ਸੀ ਮੰਨਦੇ। ਵੇਦਕ ਕਰਮ ਕਾਂਡੀ (ਪੂਰਬ ਮੀਮਾਂਸਾ) ਕਰਮ-ਧਰਮ ਤੇ ਦੇਵੀ-ਦੇਵਤਿਆਂ ਦੀ ਪੂਜਾ ਵਿਚ ਹੀ ਉਲਝੇ ਹੋਏ ਸਨ। ਨਿਯਾਯ ਅਤੇ ਵੈਸ਼ੇਸ਼ਕ ਸ਼ਾਸਤਰੀ ਨਿਰੰਕਾਰ ਨੂੰ ਸ੍ਰਿਸ਼ਟੀ ਦਾ ਕਰਤਾ ਨਹੀਂ ਸੀ ਮੰਨਦੇ। ਮੁਸਲਮਾਨ ਅੱਲ੍ਹਾ ਨੂੰ ਨਿਰਗੁਣ ਤੇ ਬਹਿਸ਼ਤ ਵਿਚ ਬੈਠਾ ਕਿਸੇ ਹਾਕਮ ਵਾਂਗ ਹਸਤੀ ਮੰਨਦੇ ਸਨ। ਉਸਦੇ ਸਰਬ-ਵਿਆਪੀ ਹੋਣ ਦੀ ਗੱਲ ਅਜੇ ਉਹਨਾਂ ਦੀ ਸੋਚ ਤੋਂ ਬਾਹਰੀ ਸੀ। ਵੇਦਾਂਤੀਏ ਭੀ ਸਾਂਖ ਦੇ ਪੁਰਸ਼-ਪ੍ਰਕ੍ਰਿਤੀ ਫ਼ਾਰਮੂਲੇ ਵਿਚ ਉਲਝੇ ਲਗਦੇ ਸਨ, ਭਾਵੇਂ ਉਹਨਾਂ ਨੂੰ ਬੌਧਿਕ ਤੌਰ ਤੇ ਇਹ ਨਿਸਚਾ ਹੋ ਗਿਆ ਸੀ ਕਿ ਮੈਂ ਭੀ ਉਹੀ ਪਰਮ ਹਸਤੀ ਹਾਂ ਅਹੰਮ ਬ੍ਰਹਮ ਅਸਮੀ, ਤਤ ਤਵਮ 'ਤੂੰ ਭੀ ਉਹੀ ਹੈ ਤੇ ਮੈਂ ਭੀ ਉਹੀ ਹਾਂ')। ਰਿਗਵੇਦ ਦਾ ਵਿਸ਼ਣੂ, ਜੋ ਉਦੋਂ ਇੰਦਰ ਦੇਵਤੇ ਨਾਲੋਂ ਦਰਜੇ ਵਿਚ ਛੋਟਾ ਮੰਨਿਆ ਜਾਂਦਾ ਸੀ, ਸਮਾਂ ਪਾ ਕੇ ਵੇਦਾਂਤ ਸਮੇਂ, ਅਤੇ ਮਗਰੋਂ ਗੀਤਾ ਸਮੇਂ 'ਰਾਮ' ਤੇ 'ਕ੍ਰਿਸ਼ਨ' ਅਵਤਾਰਾਂ ਦੇ ਰੂਪ ਵਿਚ ਮੁੱਖ ਭਗਵਾਨ ਬਣ ਜਾਂਦਾ ਹੈ। ਤਾਂ ਹੀ ਤੇ ਦਸਮੇਸ਼ ਜੀ ਨੂੰ ਇਹ ਕਹਿਣਾ ਪਿਆ –

*ਸ੍ਰਾਵਗ ਸੁੱਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰ ਜੋਗ ਜਤੀ ਕੇ॥*

*ਸੁਰ ਸੁਰਾਰਦਨ ਸੁੱਧ ਸੁਧਾਦਿਕ, ਸੰਤ ਸਮੂਹ ਅਨੇਕ ਮਤੀ ਕੋ॥*
*ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥ (ਸਵਯੇ ਪਾ:੧੦)*

ਇਸ ਲਈ ਸਮਕਾਲੀ ਸੋਚ-ਮੰਡਲਾਂ ਦੀ ਵਿਚਾਰਧਾਰਾ ਦੇ ਟਾਕਰੇ ਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਐਲਾਨ ਕੀਤਾ ਗਿਆ –

*ਸਾਹਿਬੁ ਮੇਰਾ ਏਕੋ ਹੈ॥*
*ਏਕੋ ਹੈ ਭਾਈ ਏਕੋ ਹੈ॥੧॥ਰਹਾਉ॥ ਅੰਗ - ੩੫੦*

*ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ, ਏਕ ਸ੍ਰਿਸਟਿ ਸਬਾਈ॥*
*ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ॥੫॥*
*ਅੰਗ - ੯੩੦*

ਪੁਰਸ਼-ਪ੍ਰਕ੍ਰਿਤੀ ਦਾ ਜੋ ਰੇੜਕਾ ਹੁਣ ਤਕ ਪਿਆ ਹੋਇਆ ਹੈ, ਉਸ ਨੂੰ ਇਉਂ ਨਿਬੇੜਿਆ ਹੈ। ਨਯਾਯ ਤੇ ਵਿਸ਼ੇਸ਼ਕ ਦਾ ਭੀ ਉੱਤਰ ਦਿੱਤਾ ਹੈ –

*ਤੂੰ ਕਰਤਾ ਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ॥*
*ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥*
*ਤੂੰ ਜਾਣਹਿ ਜਿਨਿ ਉਪਾਈਐ, ਸਭੁ ਖੇਲੁ ਤੁਮਾਤੀ॥*
*ਅੰਗ - ੧੩੮*
*ਸਿਵ ਸਕਤਿ ਆਪਿ ਉਪਾਇ ਕੈ, ਕਰਤਾ ਆਪੇ ਹੁਕਮੁ ਵਰਤਾਏ॥ ਅੰਗ - ੯੨੦*

ਉਸ ਬੇਅੰਤ ਸਾਹਿਬ ਦੇ ਹੁਕਮ ਅੰਦਰ ਸਾਰੇ ਦੇਵੀ ਦੇਵਤੇ ਕੰਮ ਕਰਦੇ ਹਨ –

*ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥*
*ਅੰਗ - ੮੯੪*

*ਬ੍ਰਹਮਾ ਬਿਸਨੁ ਮਹੇਸੁ ਦੁਆਰੈ॥*
*ਊਭੇ ਸੇਵਹਿ ਅਲਖ ਅਪਾਰੈ॥*
*ਹੋਰ ਕੇਤੀ ਦਰਿ ਦੀਸੈ ਬਿਲਲਾਦੀ,*
*ਮੈ ਗਣਤ ਨ ਆਵੈ ਕਾਈ ਹੇ॥੧੪॥ ਅੰਗ - ੧੦੨੨*

ਇਥੋਂ ਸਤਿਗੁਰੂ ਜੀ ਅਕਾਲ ਪੁਰਖ ਦੇ ਹਜ਼ੂਰ ਵਿਚ ਵਰਤ ਰਹੇ ਨਜ਼ਾਰੇ ਵਲ ਸੰਕੇਤ ਕਰ ਰਹੇ ਹਨ ਕਿ ਉਸ ਦੇ ਦਰ ਤੇ ਹੋਰ ਅਨੇਕਾਂ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਸਲਾਮੀ ਵਿਚਾਰਧਾਰਾ ਤਾਂ ਮੰਨਦੀ ਹੈ ਕਿ ਉਸ ਨੇ ਇਕੇਰਾਂ ਸ੍ਰਿਸ਼ਟੀ ਸਾਜ ਦਿਤੀ ਤੇ ਫਿਰ ਇਕ ਕੋਨੇ ਵਿਚ ਬੈਠਾ ਹੈ। ਫਿਰ ਕਿਆਮਤ ਦੇ ਦਿਨ ਸਭ ਨਾਲ ਲੇਖਾ ਕਰੇਗਾ ਪਰ ਗੁਰਮਤਿ ਦਾ ਫ਼ੁਰਮਾਨ ਹੈ ਕਿ ਸ੍ਰਿਸ਼ਟੀ ਦੀ ਹਰੇਕ ਪ੍ਰਕਾਰ ਦੀ ਹਰਕਤ ਵਿਚ ਉਹ ਆਪ ਹੈ –

*ਸਭੇ ਸੁਰਤੀ, ਜੋਗ ਸਭਿ ਸਭੇ ਬੇਦ ਪੁਰਾਣ॥*
*ਸਭੇ ਕਰਣੇ, ਤਪ ਸਭਿ, ਸਭੇ ਗੀਤ ਗਿਆਨ॥*
*ਸਭੇ ਪੂਰੀਆ, ਖੰਡ ਸਭਿ, ਸਭੇ ਜੀਅ ਜਹਾਨ॥*
*ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥*
*ਨਾਨਕ ਸਚਾ, ਸਚਿ ਨਾਇ ਸਚੁ ਸਭਾ ਦੀਬਾਨ॥੨॥੯॥*
*ਅੰਗ - ੧੨੪੧*

ਮੁਕਦੀ ਗੱਲ ਇਹ ਹੈ ਕਿ ਹਿੰਦੂ ਧਰਮ-ਚਿੰਤਕਾਂ ਵਿਚ ਪਰਮੇਸ਼ਰ ਸੰਬੰਧੀ ਅਜੇ ਤਕ ਕਿਸੇ ਵੀ ਸਪਸ਼ਟ ਵਿਚਾਰ ਨੂੰ ਅਪਣਾਇਆ ਨਹੀਂ ਜਾ ਸਕਿਆ। ਕਾਰਨ ਇਹ ਜਾਪਦਾ ਹੈ ਕਿ ਜਿਤਨਾ ਚਿਰ ਵੇਦਾਂ ਨੂੰ ਪਰਮਾਣੀਕ ਮੰਨਿਆ ਜਾਂਦਾ ਰਹੇਗਾ, ਉਤਨਾ ਚਿਰ ਬਹੁ-ਦੇਵਤਿਆਂ ਦੀ ਪੂਜਾ ਦਾ ਵਿਧਾਨ ਕਾਇਮ ਰਹੇਗਾ। ੧੮ ਪੁਰਾਣਾਂ ਦੀਆਂ ਕਥਾ-ਕਹਾਣੀਆਂ, ੯੫ ਉਪਨਿਸ਼ਦਾਂ, ਛੇ ਸ਼ਾਸਤਰਾਂ ਆਦਿ ਵਿਚ ਜੋ ਧਾਰਮਿਕ ਫ਼ਲਸਫ਼ਾ ਹੈ, ਉਸ ਦਾ ਹੁਣ ਤਕ ਭਾਰਤੀ ਬੁੱਧੀ-ਜੀਵੀ ਠੀਕ ਤਰ੍ਹਾਂ ਮੰਥਨ ਨਹੀਂ ਕਰ ਸਕੇ। ਆਮ ਸਾਧਾਰਨ ਮਨੁੱਖ ਤਾਂ ਇਹਨਾਂ ਵਿਚ ਦਰਜ ਭਾਂਤ ਭਾਂਤ ਦੀਆਂ ਵਿਚਾਰਾਂ ਸੁਣ ਕੇ ਘਬਰਾ ਹੀ ਜਾਂਦਾ ਹੈ ਕਿ ਕੀ ਇਹ ਧਰਮ ਹੈ ਜਾਂ ਨਿਰਾ ਜੰਜਾਲ? ਇਸ ਲਈ ਉਹ ਲੰਮੀਆਂ ਵਿਚਾਰਾਂ ਛੱਡ ਕੇ ਕਿਸੇ ਨ ਕਿਸੇ ਦੇਵਤੇ ਜਾਂ ਦੇਵੀ ਦੀ ਪੂਜਾ ਕਰਨਾ ਜ਼ਿਆਦਾ ਚੰਗਾ ਸਮਝਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਧਰਮ ਦੀ ਇਸ ਭੁੱਲ-ਭੁਲਈਆ ਨੂੰ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਇਸ ਵਿਚ ਜੋ ਜਗਿਆਸੂ ਇਕ ਵਾਰੀ ਉਲਝ ਜਾਂਦਾ ਹੈ, ਉਹ ਨਿਕਲਦਾ ਨਹੀਂ। ਆਚਾਰੀਆ ਸ਼ੰਕਰ ਤੇ ਉਸਦਾ ਗੁਰੂ ਗੌੜਪਾਂਦ ਵਰਗੇ ਜਦੋਂ ਇਸ ਵਿਚੋਂ ਲੰਘ ਕੇ ਬਾਹਰ ਆਏ ਤਾਂ ਉਹ ਇਹੋ ਕਹਿੰਦੇ ਸੁਣੇ ਕਿ ਇਹ ਮਾਇਆ ਜਾਲ ਹੈ, ਇਸ ਬਾਰੇ ਅਸੀਂ ਕੁਝ ਵੀ ਨਹੀਂ ਕਹਿ ਸਕਦੇ। ਭਾਵ, ਐਸੇ ਐਸੇ ਬੁਧੀਵਾਨ ਭੀ ਪੁਰਸ਼-ਪ੍ਰਕ੍ਰਿਤੀ ਦੀ ਫ਼ਿਲਾਸਫੀ ਨੂੰ ਨਹੀਂ ਛੱਡ ਸਕੇ, ਭਾਵੇਂ ਵਿਦਾਂਤੀਏ ਇਹਨਾਂ ਮਹਾਂਪੁਰਸ਼ਾਂ ਨੂੰ ਨਿਰਗੁਣ ਬ੍ਰਹਮ ਦੇ ਸੰਕਲਪ ਦੇ ਸਭ ਤੋਂ ਵਧ ਚਮਕਦੇ ਸਿਤਾਰੇ ਮੰਨਦੇ ਹਨ। ਇਸ ਦਾ ਅਸਰ ਇਹ ਹੋਇਆ ਕਿ ਇਹਨਾਂ ਮਹਾਂਪੁਰਖਾਂ ਦੇ ਮਗਰ ਬਹੁਤ ਹੀ ਥੋੜੇ ਲੋਗ ਤੁਰੇ, ਅਤੇ ਜੋ ਭੀ ਇਹਨਾਂ ਪਿੱਛੇ ਚਲੇ, ਉਹ ਗੇਰੂਏ ਬਸਤਰ ਪਹਿਨ ਕੇ ਸੰਸਾਰ ਛੱਡ ਕੇ 'ਅਹੰਬ੍ਰਹਮ ਅਸਮੀ' 'ਮੈਂ ਹੀ ਰੱਬ ਹਾਂ' ਦੇ ਜਾਪ ਵਿਚ ਮਸਤ ਹੋ ਬੈਠੇ।

ਆਮ ਸਾਧਾਰਨ ਜਨਤਾ ਨੂੰ ਬੁੱਤ-ਪੂਜਾ ਜਾਂ ਪ੍ਰਕ੍ਰਿਤੀ-ਪੂਜਾ ਤੋਂ ਕੌਣ ਵਰਜਦਾ। ਬ੍ਰਾਹਮਣ ਧਾਰਮਕ ਗਾਈਡ ਬਣ ਹੀ ਚੁਕਾ ਸੀ, ਉਸ ਨੇ ਸਮੁੱਚੀ ਭਾਰਤੀ ਜਨਤਾ ਨੂੰ ਕਰਮ-ਕਾਂਡੀ ਧਰਮ ਦੇ ਰਾਹੇ ਪਾ ਲਿਆ ਹੋਇਆ ਹੈ। ਅਜ ਤਕ ਕਿਸੇ ਹਿੰਦੂ ਦੀ ਜੁਰਅਤ ਨਹੀਂ ਕਿ ਉਹ ਬ੍ਰਾਹਮਣ ਦੇ ਇਸ

**(ਬਾਕੀ ਪੰਨਾ 36 ਤੇ)**

# ਜੀਅ-ਦਇਆ ਬਿਨਾਂ ਪਰਉਪਕਾਰ ਨਹੀਂ ਹੋ ਸਕਦਾ

*[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]*

ਜੀਅ-ਦਇਆ ਦੇ ਅਸੂਲ ਧਾਰਨ ਕੀਤੇ ਬਿਨਾਂ ਗੁਰਮਤਿ ਦੇ ਇਕ ਹੋਰ ਗੰਭੀਰ ਅਸੂਲ ਵਲੋਂ ਘਾਟਾ ਪੈਂਦਾ ਹੈ। ਜਿਸ ਅਸੂਲ ਦੀ ਜੜ੍ਹ ਲਾਉਣ ਲਈ, ਲਾ ਕੇ ਪਤਾਲ ਤਕ ਪਹੁੰਚਾਉਣ ਲਈ ਸਾਡੇ ਸਤਿਗੁਰਾਂ ਨੇ ਦਸ ਜਾਮੇ ਧਾਰਨ ਕੀਤੇ, ਤੇ ਜਿਸ ਦੀ ਪੈਜ ਪਾਲਣ ਲਈ ਸਾਡੇ ਸਤਿਗੁਰਾਂ ਨੇ ਆਪਣੇ ਸਰਬੰਸ ਵਾਰੇ ਅਤੇ ਅਨੇਕ ਪ੍ਰਕਾਰ ਦੇ ਖੇਦ ਸਹਾਰੇ। ਜਿਸ ਅਸੂਲ ਦੇ ਅਮਲ ਅੰਦਰ ਲਿਆ ਕੇ ਵਰਤਾਉਣ ਨੂੰ ਅਤੇ ਜਿਸ ਦੇ ਸਦਾ ਲਈ ਅਟੱਲ ਰਖਾਉਣ ਨੂੰ ਸ੍ਰੀ ਦਸਮੇਸ਼ ਜੀ ਨੇ ਖਾਲਸਾ ਪੰਥ ਰੂਪੀ ਥੰਮ ਰਚ ਕ ਖੜਾ ਕੀਤਾ। ਉਹ ਅਸੂਲ ਕਿਹੜਾ ਹੈ!!

ਉਹ ਅਸੂਲ ਪਰਉਪਕਾਰ ਹੈ, ਜੋ ਕੋਈ ਗੁੱਝੀ ਛੰਨੀ ਬਾਤ ਨਹੀਂ, ਜੋ ਸੱਚੇ ਸਤਿਗੁਰਾਂ ਦੀ ਕੀਨੀ ਅਪਾਰ ਦਾਤ ਹੈ। ਏਸ ਦਾਤ ਦੇ ਦੇਣ ਖ਼ਾਤਰ ਹੀ ਦਸੋਂ ਗੁਰੂ ਸਾਹਿਬਾਨ ਨੇ ਇਸ ਅਸਾਰ ਸੰਸਾਰ ਵਿਖੇ ਆ ਕੇ ਅਵਤਾਰ ਧਾਰਿਆ। ਅਤੇ ਉਪਕਾਰ ਰੂਪ ਅਪਾਰ ਦਾਤ ਦੇ ਦੇਣ ਖ਼ਾਤਰ ਆਇਆਂ ਸਤਿਗੁਰੂ ਸਾਹਿਬਾਨ ਉਤੇ ਜਨਮ ਮਰਨ ਵਿਚ ਆਉਣ ਦਾ ਕਲੰਕ ਨਹੀਂ ਲੱਗ ਸਕਦਾ। ਜਿਹਾ ਕਿ ਗੁਰਵਾਕ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ॥੨॥੭॥੫੪॥* *ਅੰਗ - ੭੪੯*

ਸੋ ਸਤਿਗੁਰਾਂ ਨੇ ਪਹਿਲਾਂ ਆਪ ਪਰਉਪਕਾਰ ਦੇ ਪੂਰਨ ਪੂਰਨੇ ਪਾਏ, ਪਿਛੋਂ ਅਸਾਂ ਪਾਪੀਆਂ ਨੂੰ ਭੀ ਏਹਨਾਂ ਪੂਰਨਿਆਂ ਦੁਆਰਾ ਪਰਉਪਕਾਰ ਸਿਖਾਇਆ ਅਤੇ ਇਹਨਾਂ ਪੂਰਨਿਆਂ ਉਤੇ ਚਲ ਕੇ ਪਰਉਪਕਾਰ ਦੇ ਪੁੰਜ ਬਣਨ ਦਾ ਉਪਦੇਸ਼ ਦਿੱਤਾ। ਜੋ ਜਨ ਪਰਾਈ ਪੀੜਾ ਅੰਦਰ, ਦੁਖੀਆਂ ਦੇ ਦਰਦ ਵੰਡਾਉਣ ਅੰਦਰ ਅਤੇ ਜੀਅ-ਦਇਆ ਅੰਦਰ ਗੁਰਮੁਖਾਂ ਦੀ ਨਿਆਈਂ ਭੈ ਵਿਚ ਵਰਤਦਾ ਹੋਇਆ ਮੋਮ ਵਾਂਗ ਢਲ ਗਿਆ ਹੋਵੇ, ਸੋਈ ਜਨ ਹੀ ਪਰਉਪਕਾਰ ਦੀ ਸਾਰ ਜਾਣ ਸਕਦਾ ਹੈ, ਜੈਸਾ ਕਿ ਭਾਈ ਗੁਰਦਾਸ ਜੀ ਦਾ ਵਾਕ ਹੈ -

*ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ॥*
*ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ॥*
*ਜਲ ਵਿਚਿ ਕਵਲੁ ਅਲਿਪਤ ਹੋਇ ਆਸ ਨਿਰਾਸ ਵੇਲਵੈਂ ਵਲਣਾ॥*
*ਅਹਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨ ਟਲਣਾ॥*
*ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਗੀ ਢਲਣਾ॥*
*ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਚਲਣਾ॥*
*ਵਟੀ ਤੇਲੁ ਦੀਵਾ ਹੋਇ ਬਲਣਾ।॥੧੭॥* *ਅੰਗ - ੧੮*

ਸੋ ਜਿਸ ਨੇ ਜੀਅ-ਦਇਆ ਹੀ ਨਹੀਂ ਪਾਲੀ, ਉਸ ਦਾ ਚਿੱਤ ਪਰਉਪਕਾਰ ਲਈ ਮੋਮ ਵਾਂਗੂ ਪਿਘਲਣਾ ਅਤੀ ਕਠਨ ਹੈ। ਇਸ ਤੋਂ ਉਲਟ ਜਿਸ ਦਾ ਚਿੱਤ ਜੀਅ-ਹੱਤਿਆ ਨਾਲ ਅਟਿਆ ਜਾਵੇ, ਉਸ ਦਾ ਹਿਰਦਾ ਤਾਂ ਪੱਥਰ ਵਾਂਗ ਕਠੋਰ ਹੋ ਜਾਂਦਾ ਹੈ। ਕਠੋਰ-ਚਿਤ ਪੁਰਸ਼ਾਂ ਨੇ ਪਰਉਪਕਾਰ ਕੀ ਕਰਨਾ ਹੈ, ਜਿਸ ਨੂੰ ਪਰਾਈ ਪੀੜਾ ਹੀ ਨਹੀਂ ਪ੍ਰਤੀਤ ਹੁੰਦੀ, ਕਿਉਂਕਿ ਪਰਉਪਕਾਰ ਵਿਚ ਆਪਣਾ ਆਪ ਪਰਾਏ ਪ੍ਰਾਣੀ ਖ਼ਾਤਰ ਵਾਰ ਦੇਣਾ ਹੁੰਦਾ ਹੈ। ਸੋ ਜੀਵ-ਹੱਤਿਆ ਵਾਲੇ ਪੁਰਸ਼ ਤੋਂ ਕਦਾਚਿਤ ਪਰਉਪਕਾਰ ਨਹੀਂ ਬਣ ਆ ਸਕਦਾ।

ਅਸਲ ਗੱਲ ਇਹ ਹੈ ਕਿ ਜੀਵਾਂ ਨੂੰ ਮਾਰਨ ਵਾਲੇ, ਜੀਵਾਂ ਦਾ ਬਧ ਕਰਨ ਵਾਲੇ, ਜੀਵਾਂ ਦੇ ਗਲ ਵੱਢ ਕੇ ਮਾਸ ਖਾਣ ਵਾਲੇ ਪੁਰਸ਼ਾਂ ਦੀ, ਪਸ਼ੂ ਸਮਾਨ, ਰਾਖਸ਼ ਬੁਧੀ ਹੋ ਜਾਂਦੀ ਹੈ ਅਤੇ ਅੰਤਸ਼ਕਰਣ ਮਹਾਂ ਮਲੀਨ ਹੋ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਲੋਭ-ਗ੍ਰਸੀ ਦਸ਼ਾ ਦੀ ਧਾਵਨਾ ਸਦੀਵ ਜੀਵ-ਹੱਤਿਆ ਵਲ ਹੀ ਰਹਿੰਦੀ ਹੈ। ਉਨ੍ਹਾਂ ਦੀ ਇਹ ਸਦੀਵੀ ਦਸ਼ਾ ਅਕਸਰ ਇਸ ਗੁਰਵਾਕ ਦੇ ਆਸ਼ੇ ਅਨੁਸਾਰ ਹੀ ਬਣੀ ਰਹਿੰਦੀ ਹੈ। ਯਥਾ -

*ਅੰਤਰਿ ਲੋਭ ਹਲਕੁ ਦੁਖੁ ਭਾਗੈ ਬਿਨੁ ਬਿਬੇਕ ਭਰਮਾਇ॥੧॥੯॥੧੯॥ ਅੰਗ - ੧੧੩੨*

ਅਖਾਧ ਵਸਤੂਆਂ ਦੇ ਖਾਣ ਵਾਲੇ ਪੁਰਸ਼ਾਂ ਦੀ ਨਿਰੀ ਲੋਭ-ਗ੍ਰਸਤ ਮਹਾਂ ਨਿਘਰੀ ਹੋਈ ਦਸ਼ਾ ਹੋ ਜਾਂਦੀ ਹੈ। ਜਿਵੇਂ ਕਿ ਗੁਰਵਾਕ ਹੈ -

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥੨॥੨੧॥੯੧॥ ਅੰਗ - ੫੦*

ਇਸ ਕਰਕੇ ਉਨ੍ਹਾਂ ਨੂੰ ਸਿਵਾਏ ਮਲੇਛਾਂ ਵਾਂਗੂ ਮਲ-ਭਖ ਖਾ ਕੇ ਆਪਣੀ ਉਦਰ-ਪੂਰਨਾ ਕਰਨ ਦੇ ਨਿਸ ਬਾਸਰ ਹੋਰ ਕੋਈ ਖ਼ਿਆਲ ਸੁੱਝਦਾ ਹੀ ਨਹੀਂ, ਪਰਾਇਆ ਭਲਾ ਉਨ੍ਹਾਂ ਨੂੰ ਕੀ ਸੁਖਾਉਣਾ ਸੀ। ਕਿਥੋਂ ਜੀਅ-ਦਾਨ ਵਾਲੇ ਪਰਉਪਕਾਰੀਆਂ ਦੇ ਉੱਚ ਪੂਰਨੇ ਤੇ ਕਿਥੇ ਜੀਅ-ਦਇਆ-ਵਿਹੂਣ ਅਤੇ ਉਪਕਾਰ ਵਿਹੂਣ ਮਾਸ-ਅਹਾਰੀਆਂ ਦੇ ਨੀਚ ਪਰਨੇ! ਪਰਾਏ ਉਪਕਾਰ ਦੀ ਗੱਲ ਸੁਝਦੀ ਤਾਂ ਦੂਰ ਰਹੀ, ਆਪਣੀ ਨਫ਼ਸ਼ ਪ੍ਰਸਤੀ ਦੇ ਖ਼ਿਆਲਾਂ ਅੰਦਰ ਉਨ੍ਹਾਂ ਨੂੰ ਪਰ-ਪੀੜਾਂ ਨਵਿਰਤੀ ਦਾ ਫੁਰਨਾ ਤਕ ਨਹੀਂ ਫੁਰਦਾ।

### ਜੀਅ ਦਇਆ ਬਿਨਾਂ ਖੁਦ-ਪ੍ਰਸਤੀ ਵਿਚ ਪੈਣ ਕਰਕੇ ਆਪਾ ਭਾਵ ਦੀ ਨਵਿਰਤੀ ਨਹੀਂ ਹੁੰਦੀ-

ਸੋ ਜੀਅ-ਦਇਆ ਹਿਰਦੇ ਵਿਚ ਵਸੇ ਬਿਨਾਂ ਮਾਸ-ਅਹਾਰੀ, ਜੀਵ-ਸੰਘਾਰੀ ਪੁਰਸ਼ ਨੂੰ ਪਰਉਪਕਾਰ ਦੇ ਥਾਉਂ ਹਰ ਘੜੀ ਆਪਾ ਭਾਵ ਹੀ ਸੂਝਦਾ ਹੈ, ਅਰਥਾਤ ਧਰਮ-ਪ੍ਰਸਤੀ ਜਾਂ ਖ਼ੁਦਾ-ਪ੍ਰਸਤੀ ਦੀ ਥਾਂ ਉਲਟ ਖ਼ੁਦ-ਪ੍ਰਸਤੀ ਦਾ ਹੀ ਖ਼ਿਆਲ ਰਹਿੰਦਾ ਹੈ। ਜਿਹਬਾ ਰਸ ਦੇ ਲੋਭ-ਲਿਬੜੇ ਪਾਪਾਂ ਦੀ ਪੰਕਜ ਵਿਚ ਫਾਥੇ ਅਤੇ ਨਫ਼ਸ-ਪ੍ਰਸਤੀ ਦੀ ਤ੍ਰਿਸ਼ਨਾ-ਮੋਈ ਧਸਣ ਵਿਚ ਨਿਘਰੀ ਜਾਂਦੇ ਪ੍ਰਪੰਚੀ ਪੁਰਸ਼ਾਂ ਦੀ ਦਸ਼ਾ ਉਤੇ ਹੀ ਇਹ ਗੁਰਵਾਕ ਘਟਦਾ ਹੈ। ਯਥਾ -

*ਰੋਜਾ ਧਰੈ ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ॥*
*ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥੧॥੭॥੨੯॥ ਅੰਗ - ੪੮੩*

ਅਰਥਾਤ, ਜੋ ਪ੍ਰਪੰਚੀ ਪੁਰਸ਼ ਅਲਾਹ ਦੇ ਉਪਾਸ਼ਕ ਬਣ ਕੇ ਰੋਜ਼ੇ ਰਖਣ ਦਾ ਪੱਜ ਲੈਂਦੇ ਹੋਏ ਆਪਣੀ ਜਿਹਬਾ ਦੇ ਸੁਆਦ ਲਈ ਨਿਰ-ਅਪਰਾਧ ਜੀਵਾਂ ਦਾ ਘਾਤ ਕਰਦੇ ਹਨ, ਉਨ੍ਹਾਂ ਦੇ ਇਸ ਬਿਧ ਝਖ ਮਾਰਨ ਦਾ ਕਾਰਨ ਕੀ ਹੁੰਦਾ ਹੈ, ਕੇਵਲ ਇਹ ਕਿ ਖ਼ੁਦ-ਪ੍ਰਸਤ ਪੁਰਸ਼ ਨਫ਼ਸ-ਪ੍ਰਸਤੀ ਦੇ ਅਧੀਨ ਹੋ ਕੇ, ਆਪਣੇ ਨਫ਼ਸ ਦੇ ਪਾਲਣ ਦੀ ਗੱਲ ਨੂੰ ਹੀ ਸੋਚਦੇ ਹਨ, ਪਰਾਏ ਹਾਣ ਲਾਭ ਨੂੰ ਨਹੀਂ ਦੇਖਦੇ। ਉਨ੍ਹਾਂ ਦੇ ਮਲੀਨ ਅੰਤਸ਼-ਕਰਣ ਰੂਪੀ ਚੰਮ-ਦ੍ਰਿਸ਼ਟੀ ਅੰਦਰ ਅਜਿਹੀ ਚਰਬੀ ਛਾਈ ਹੁੰਦੀ ਹੈ ਕਿ ਕੇਵਲ ਆਪਾ ਭਾਵ ਹੀ ਉਨ੍ਹਾਂ ਨੂੰ ਸੁਝਦਾ ਹੈ! ਉਨ੍ਹਾਂ ਦੀ ਨਾਪਾਕ ਬੁੱਧੀ ਜ਼ਾਤੋ-ਪਾਕ ਨੂੰ ਸਾਰਿਆਂ ਵਿਚ ਵਿਆਪਕ ਨਹੀਂ ਦੇਖ ਸਕਦੀ, ਉਨ੍ਹਾਂ ਦੀ ਨਕਸ਼ਟ ਨਜ਼ਰ ਅੰਦਰ ਘਟਿ ਘਟਿ ਰਮਈਆ ਸੋਇ ਦਿਖਾਈ ਨਹੀਂ ਦਿੰਦਾ ਅਤੇ 'ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ' ਗੁਰਵਾਕ ਦੇ ਭਾਵ ਅਨੁਸਾਰ 'ਹਰਿ ਸਾਜਨ ਸੁਆਮੀ ਨਿਕਟ ਖਲੋਇਅੜਾ' ਉਨ੍ਹਾਂ ਨੂੰ ਪ੍ਰਤੀਤ ਨਹੀਂ ਹੁੰਦਾ, ਬਸ ਆਪਣਾ ਆਪ ਹੀ ਦਿਸਦਾ ਹੈ।

ਤਾਂ ਤੇ ਸਿੱਧ ਹੋਇਆ ਕਿ ਮਾਸ-ਖ਼ੋਰੇ ਪੁਰਸ਼ ਪੁੱਜ ਕੇ ਆਪਾ-ਸਤ ਹੋ ਜਾਂਦੇ ਹਨ। ਇਸ ਆਪਾ ਭਾਵ ਦਾ ਨਿਖੇਧ ਗੁਰਮਤਿ ਦੇ ਉਪਦੇਸ਼ ਦੀ ਪਹਿਲੀ ਪਉੜੀ ਹੈ ਅਤੇ ਆਪਾ-ਭਾਵ ਦੀ ਗਡਣ ਵਿਚੋਂ ਭੁਲੇ ਭਟਕੇ ਸੰਸਾਰੀਆਂ ਨੂੰ ਕੱਢਣ ਲਈ ਗੁਰਮਤਿ ਦਾ ਸਭ ਤੋਂ ਪਹਿਲਾ ਯਤਨ ਅਤੇ ਮੁਖ ਮਿਸ਼ਨ ਹੈ। ਓਸੇ ਆਪਾ ਭਾਵ ਦੀ ਗਡੀ ਫਾਹੀ ਵਿਚ ਸਾਡੇ ਮਾਸ-ਭਖੀ ਭਾਈ ਦੂਣੇ ਚੌਣੇ ਫਸ ਜਾਂਦੇ ਹਨ। ਏਸ ਹਾਲਤ ਵਿਚ ਉਨ੍ਹਾਂ ਦੇ ਭਜਨ ਪਾਠ ਕੀ ਕਹਿੰਦੇ ਹਨ! ਬਸ ਮੁਸਲਮਾਨ ਮਾਸਖੋਰੇ, ਸੁਆਦਤ ਜੀਅ ਸੰਘਾਰਨ ਵਾਲੇ ਭਰਾਵਾਂ ਦੇ ਰੋਜ਼ੇ ਨਮਾਜ਼ਾਂ ਵਾਂਗ ਹੀ ਸਮਝ ਲਵੋ। ਨਿਸ਼ਾਨਾ ਗੁਰਵਾਕ ਰੂਪੀ ਬਾਣਾਂ ਦਾ ਇਕੋ ਹੀ ਹੈ। ਕਿਸੇ ਪਾਸੇ ਸ਼ਿਸਤ ਲਾ ਕੇ ਦੇਖ ਲਓ, ਸਭ ਸੁਆਦ ਦੇ ਅਡੰਬਰ ਹਨ, ਪਾਜ਼ ਆਪੋ ਆਪਣੇ ਰਚੀ ਬੈਠੇ ਹਨ। ਮਹਾਂ ਪੁਰਖਾਂ ਦੇ ਵਾਕਾਂ ਨੇ ਤਾਂ ਨਿਰਪੱਖ ਹੋ ਕੇ ਹੀ ਵੱਜਣਾ ਹੈ।

# ਭਗਤੀ ਤੇ ਸ਼ਕਤੀ ਦਾ ਸੋਮਾ ਸ੍ਰੀ ਅੰਮ੍ਰਿਤਸਰ

*[ਭਾਈ ਮਦਨ ਸਿੰਘ ਜੀ]*

ਗੁਰੂ ਦਾ ਸਿੱਖ ਜਿਥੇ ਕਿਤੇ ਵੀ ਹੈ, ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਸੁਰਤੀ ਬਿਰਤੀ ਕਰਕੇ ਜੁੜਿਆ ਹੋਇਆ ਹੈ। ਆਪਣੀ ਦੋਨਾਂ ਵੇਲੇ ਦੀ ਅਰਦਾਸ ਵਿਚ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਦੀ ਯਾਚਨਾ ਕਰਦਾ ਹੈ। ਚੌਥੀ ਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲੰਮੀ ਘਾਲਨਾ ਕਰਕੇ ਸ੍ਰੀ ਅੰਮ੍ਰਿਤਸਰ ਸਿੱਖੀ ਦਾ ਕੇਂਦਰੀ ਅਸਥਾਨ ਸਥਾਪਤ ਹੋਇਆ। ਗੋਕਲ ਚੰਦ ਨਾਰੰਗ ਆਪਣੀ ਅੰਗਰੇਜ਼ੀ ਪੁਸਤਕ ਵਿਚ ਲਿਖਦਾ ਹੈ-

ਗੁਰੂ ਰਾਮਦਾਸ ਨੇ ਅੰਮ੍ਰਿਤਸਰ ਬਣਵਾਇਆ, ਜਿਹੜਾ ਸਿੱਖਾਂ ਲਈ ਗੰਗਾ ਜਿਤਨਾ ਸ਼ਰਧਾ ਦਾ ਪਾਤਰ ਬਣ ਗਿਆ ਸੀ। ਗੁਰੂ ਅਰਜਨ ਨੇ ਉਸ ਮਹਾਨ ਸਰੋਵਰ ਦੇ ਵਿਚਕਾਰ ਹਰਿਮੰਦਰ (ਪ੍ਰਮਾਤਮਾ ਦਾ ਘਰ) ਬਣਵਾ ਕੇ ਇਸ ਸਥਾਨ ਦੀ ਪਵਿਤ੍ਰਤਾ ਅਤੇ ਸ਼ਾਨ ਵਿਚ ਵਾਧਾ ਕੀਤਾ। ਇਹ ਮੰਦਰ ਹੈ, ਜਿਹੜਾ ਅੰਮ੍ਰਿਤਸਰ ਦੇ ਸਵਰਨ-ਮੰਦਰ ਦੇ ਅਧੁਨਿਕ ਰੂਪ ਵਿਚ ਭਾਰਤ ਤੇ ਸੰਸਾਰ ਵਿਚ ਇਕ ਅਜੂਬਾ ਬਣ ਗਿਆ। (Transformation of Sikhs by Gokal Chand Narang ਦਾ ਅਨੁਵਾਦ ਵਲੋਂ ਗੁਰਚਰਨ ਸਿੰਘ, ਪੰਨਾ ੩੧)

ਇਸ ਮੰਦਰ ਦੀ ਨੀਂਹ ਸਾਈਂ ਮੀਆਂ ਮੀਰ ਮੁਸਲਮਾਨ ਫ਼ਕੀਰ ਦੇ ਹੱਥੋਂ ਸ੍ਰੀ ਗੁਰੂ ਅਰਜਨ ਮਹਾਰਾਜ ਨੇ ਰਖਵਾ ਕੇ ਦੁਨੀਆ ਵਿਚ ਸਰਬ-ਸਾਂਝੇ ਧਰਮ-ਅਸਥਾਨ ਦੀ ਅਦੁੱਤੀ ਮਿਸਾਲ ਕਾਇਮ ਕੀਤੀ। ਬਗ਼ੈਰ ਕਿਸੇ ਊਚ ਨੀਚ, ਜਾਤ ਪਾਤ ਦੇ ਵਿਤਕਰੇ, ਹਰ ਕੋਈ ਇਥੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਬੇਅੰਤ ਮੁਸਲਮਾਨ ਅਤੇ ਹਿੰਦੂ ਜਗਿਆਸੂ ਹਰਿਮੰਦਰ ਅੰਦਰ ਬੈਠ ਕੇ ਕੀਰਤਨ-ਰਸ ਦਾ ਅਨੰਦ ਲੈਂਦੇ, ਆਮ ਦੇਖਣ ਵਿਚ ਆਉਂਦੇ ਹਨ। ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਰਹਿਮਤਾਂ ਭਰਿਆ ਅਸ਼ੀਰਵਾਦ ਹਰਿਮੰਦਰ ' ਤੇ ਸਰੋਵਰ ਨੂੰ ਬਖ਼ਸ਼ਦਿਆਂ ਫ਼ੁਰਮਾਇਆ ਹੈ -

*ਡਿਠੇ ਸਭੇ ਥਾਵ, ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੈ, ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ,*
*ਨਾਇਐ ਰਾਮਦਾਸ ਸਰ॥੧੦॥* *ਅੰਗ - ੧੩੬੨*

ਗੁਰਦੁਆਰੇ ਸਿਖਾਂ ਲਈ, ਜਿਥੇ ਪੂਜਾ ਦੇ ਅਸਥਾਨ ਹਨ ਉਥੇ ਸਮਾਜਿਕ, ਭਾਈਚਾਰਕ ਤੇ ਰਾਜਨੀਤਕ ਕੰਮਾਂ ਲਈ ਵੀ ਸੇਧ ਦਿੰਦੇ ਹਨ। ਭਗਤੀ ਤੇ ਸ਼ਕਤੀ ਦੇ ਇਹ ਸੋਮੇ ਸਦਾ ਹੀ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕਦੇ ਰਹੇ ਤੇ ਵਿਰੋਧੀ ਸਰਕਾਰਾਂ ਇਨ੍ਹਾਂ ਨਾਲ ਟਕਰਾ ਕੇ ਚਕਨਾਚੂਰ ਹੁੰਦੀਆਂ ਰਹੀਆਂ ਹਨ।

ਸਿੱਖਾਂ ਲਈ 'ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ', (ਭਾਈ ਗੁਰਦਾਸ ਜੀ) ਦੇ ਸੰਕੇਤ ਮੁਤਾਬਿਕ, ਜਿੱਥੇ ਕਿੱਥੇ ਵੀ ਗੁਰੂ ਪਾਤਸ਼ਾਹ ਦੇ ਚਰਨ ਪਏ, ਜਾਂ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼-ਅਸਥਾਨ ਹੈ, ਪਵਿਤਰ ਤੇ ਸਤਿਕਾਰ ਯੋਗ ਹੈ। ਗੁਰੂ ਕਾ ਸਿੱਖ ਆਪਣੇ ਗੁਰ-ਅਸਥਾਨ ਦੀ ਬੇਹੁਰਮਤੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਦਰਬਾਰ ਸਾਹਿਬ, ਅੰਮ੍ਰਿਤਸਰ ਸਿਖਾਂ ਲਈ ਭਗਤੀ ਤੇ ਸ਼ਕਤੀ ਦਾ ਮਹਾਨ ਸੋਮਾ ਹੈ। ਅੰਤਾਂ ਦੀ ਭੀੜ ਸਮੇਂ, ਜਦ ਕਿ ਖਾਲਸੇ ਦਾ ਪੱਤਾ ਪੱਤਾ ਵੈਰੀ ਬਣਿਆ ਹੋਇਆ ਸੀ, ਜੰਗਲਾਂ ਵਿਚ ਨਿਵਾਸ ਰੱਖ ਕੇ ਕਿਸੇ ਚੰਗੇ ਸਮੇਂ ਦੀ ਉਡੀਕ ਕਰ ਰਿਹਾ ਸੀ, ਮੌਕਾ ਮਿਲਣ ਤੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਜ਼ਰੂਰ ਆ ਜਾਂਦਾ ਸੀ। ਫਿਰ ਨਵੀਂ ਤਾਕਤ ਤੋਂ ਨਵੇਂ ਜੋਸ਼ ਨਾਲ ਦੁਸ਼ਮਣ ਉੱਤੇ ਟੁੱਟ ਪੈਂਦਾ ਸੀ। 'ਸਵਾ ਲਾਖ ਸੇ ਏਕ ਲੜਾਉਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊ" ਦੀ ਸਪਿਰਿਟ ਨੂੰ ਕਾਇਮ ਰਖ ਕੇ ਦੁਸ਼ਮਨਾਂ ਦੇ ਆਹੂ ਲਾਹੁੰਦਾ ਸੀ।

ਇਸ ਸ਼ਕਤੀ ਦੇ ਵੱਡੇ ਸੋਮੇ ਨੂੰ ਬੰਦ ਕਰਨ ਲਈ

ਕਈ ਮੁਸਲਮਾਨ ਜਾਬਰਾਂ ਨੇ ਯਤਨ ਕੀਤੇ। ਭਾਈ ਮਨੀ ਸਿੰਘ ਜੀ, ਜਿਹੜੇ ਕਿ ਹਰਿਮੰਦਰ ਸਾਹਿਬ ਜੀ ਦੀ ਸੇਵਾ-ਸੰਭਾਲ ਕਰਦੇ ਸਨ, ਨੂੰ ੧੭੩੫ ਵਿਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਅਦ ਬੰਦਈ ਖਾਲਸਾ ਤੇ ਤੱਤ ਖਾਲਸਾ ਵਿਚ ਫੁਟ ਪੈ ਜਾਣ ਕਰਕੇ ਇਸ ਕੇਂਦਰੀ ਅਸਥਾਨ ਦੀ ਸੇਵਾ ਸੰਭਾਲ ਵਿਚ ਢਿੱਲ ਆ ਗਈ। ਮਾਤਾ ਸੁੰਦਰੀ ਜੀ ਦੇ ਹੁਕਮ ਤੇ ਭਾਈ ਮਨੀ ਸਿੰਘ ਜੀ ਨੇ ਇਨ੍ਹਾਂ ਦੋਹਾਂ ਜਥਿਆਂ ਨੂੰ ਇਕ-ਮੁੱਠ ਕਰ ਕੇ ਖਾਲਸੇ ਦੀ ਤਾਕਤ ਵਿਚ ਵਾਧਾ ਕੀਤਾ। ਲਾਹੌਰ ਦੇ ਹਾਕਮ ਜ਼ਕਰੀਆ ਖਾਨ ਦੀ ਫੁਟ-ਪਾਊ ਪਾਲਿਸੀ ਭਾਈ ਮਨੀ ਸਿੰਘ ਜੀ ਦੀ ਸੁਘੜਤਾ ਤੇ ਸਿਆਣਪ ਨਾਲ ਕਾਮਯਾਬ ਨਾ ਹੋ ਸਕੀ, ਜਿਸ ਦਾ ਨਤੀਜਾ ਭਾਈ ਸਾਹਿਬ ਨੂੰ ਸ਼ਹੀਦ ਕੀਤਾ ਗਿਆ। ਜ਼ਕਰੀਆ ਖਾਨ ਸਮਝਣ ਲਗ ਪਿਆ ਸੀ ਕਿ ਹਰਿਮੰਦਰ ਦੇ ਦਰਸ਼ਨ ਤੇ ਸਰੋਵਰ ਵਿਚ ਇਸ਼ਨਾਨ ਕਰਕੇ ਖਾਲਸਾ ਸ਼ਕਤੀ-ਸ਼ਾਲੀ ਹੋ ਜਾਂਦਾ ਹੈ ਤੇ ਥੋੜੀ ਗਿਣਤੀ ਹੋਣ ਦੇ ਬਾਵਜੂਦ ਵੀ ਆਪਣੇ ਵੈਰੀਆਂ ਤੇ ਭਾਰੂ ਬਣਿਆ ਰਹਿੰਦਾ ਹੈ। ਜ਼ਕਰੀਆ ਖਾਨ ਨੇ ਦਰਬਾਰ ਸਾਹਿਬ ਦੀ ਨਾਕਾਬੰਦੀ ਕਰ ਦਿੱਤੀ। ਮੱਸਾ ਰੰਘੜ ਨੂੰ ਚੌਧਰੀ ਬਣਾ ਦਿੱਤਾ।

***ਕੀਨੋ ਉਪਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦਵਾਰਾ॥***
***ਹਰਿਮੰਦਰ ਮੈਂ ਕੰਚਨੀ ਰਖੈ ਤੁਰਕਨ ਕੋ ਸਰਦਾਰਾ॥***
***(ਪੰਥ ਪ੍ਰਕਾਸ਼)***

ਗਿਆਨੀ ਗਿਆਨ ਸਿੰਘ ਜੀ ਹੋਰੀ ਵਿਸਥਾਰ ਨਾਲ ਲਿਖਦੇ ਹਨ –

***ਮੱਸਾ ਨਾਮ ਰੰਘੜ, ਗੁਰੂ ਕੇ ਹਰਿਮੰਦਰ ਮੇਂ ਬੈਠਤ ਪਲੰਘ ਪਰ ਕੰਚਨੀ ਨਚਾਇ ਹੈ।***
***ਉਡਤ ਸ਼ਰਾਬ ਤੇ ਕਬਾਬ ਸਭਾ ਤੁਰਕਨ ਮੈਂ, ਪੀਵਤੋਂ ਹੁੱਕੇ ਵਹਿ ਬੁਕੈ ਮਨ ਭਾਇ ਹੈ।***

ਬੇਅਦਬੀ ਦੀ ਇਹ ਹੱਦ ਸੀ। ਖਾਲਸੇ ਨੂੰ ਜਦ ਇਹ ਖ਼ਬਰ ਜੰਗਲਾਂ ਵਿਚ ਪਹੁੰਚੀ ਤਾਂ ਭਾਈ ਮਹਿਤਾਬ ਸਿੰਘ ਤੇ ਸੁਖਾ ਸਿੰਘ ਜੀ ਨੇ ਮੱਸਾ ਰੰਘੜ ਦਾ ਸਿਰ ਕਲਮ ਕਰ ਕੇ ਮੁਸਲਮਾਨ ਹਾਕਮਾਂ ਨੂੰ ਦਸ ਦਿੱਤਾ ਕਿ ਖਾਲਸਾ ਆਪਣੇ ਗੁਰਧਾਮਾਂ ਦੀ ਬੇਅਦਬੀ ਕਦੇ ਬਰਦਾਸ਼ਤ ਨਹੀਂ ਕਰ ਸਕਦਾ।

੧੭੬੨ ਈਸਵੀ ਵਿਚ ਅਹਿਮਦਸ਼ਾਹ ਅਬਦਾਲੀ ਨੇ ਸਿਖਾਂ ਦੀ ਸ਼ਕਤੀ ਨੂੰ ਨਾਸ ਕਰਨ ਲਈ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ-ਢੇਰੀ ਕਰ ਦਿੱਤਾ ਤੇ ਸਰੋਵਰ ਵਿਚ ਗਊਆਂ ਦੀਆਂ ਲਾਸ਼ਾਂ ਤੇ ਹੋਰ ਦੁਰਗੰਧ ਸੁਟਵਾ ਕੇ ਪੂਰ ਦਿੱਤਾ। ਅਬਦਾਲੀ ਸਮਝਦਾ ਸੀ ਕਿ ਸਿੰਘਾਂ ਦਾ ਲੱਕ ਟੁੱਟ ਗਿਆ ਹੈ। ਪਰ ਨਹੀਂ, ਅਬਦਾਲੀ ਦੇ ਪਿਠ ਮੋੜਨ ਦੀ ਦੇਰ ਸੀ ਕਿ ਸਿੰਘਾਂ ਨੇ ਰਲ ਕੇ ਦਰਬਾਰ ਸਾਹਿਬ ਦੀ ਬਿਲਡਿੰਗ ਫੇਰ ਖੜੀ ਕਰ ਦਿੱਤੀ ਤੇ ਸਰੋਵਰ ਸਾਫ ਕਰ ਕੇ ਅੰਮ੍ਰਿਤ-ਜਲ ਵਿਚ ਟੁੱਭੀਆਂ ਲਾਉਣ ਲਗ ਪਏ। ੧੭੬੫ ਈ: ਵਿਚ ਅਬਦਾਲੀ ਫੇਰ ਚੜ੍ਹ ਆਇਆ ਤੇ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਕਰਨ ਲਈ ਹੱਲਾ ਬੋਲ ਦਿੱਤਾ। ਉਸ ਸਮੇਂ ਬਾਬਾ ਗੁਰਬਖਸ਼ ਸਿੰਘ ਦੀ ਕਮਾਨ ਹੇਠ ਸਿਰਫ਼ ੩੦ ਸਿੰਘ ਸੂਰਮੇ ਸਨ। ਸਾਰੇ ਦੇ ਸਾਰੇ ਸ਼ਹੀਦ ਹੋ ਗਏ, ਪਰ ਦਰਬਾਰ ਸਾਹਿਬ ਦੀ ਮਾਣ-ਮਰਯਾਦਾ ਭੰਗ ਨਾ ਹੋਣ ਦਿੱਤੀ। ਇਸੇ ਤਰਾਂ ਹੋਰ ਇਤਿਹਾਸਿਕ ਗੁਰਦਵਾਰਿਆਂ ਦੀ ਬੇਅਦਬੀ ਨਾ ਸਹਾਰਦੇ ਹੋਏ ਅਨੇਕਾਂ ਸਿੰਘ, ਸਿੰਘਣੀਆਂ ' ਤੇ ਬੱਚੇ ਸ਼ਹੀਦ ਹੁੰਦੇ ਰਹੇ।

੧੭੯੯ ਈ; ਵਿਚ ਖਾਲਸਾ ਰਾਜ ਦਾ ਸੂਰਜ ਚੜ੍ਹਿਆ। ਮਹਾਰਾਜਾ ਰਣਜੀਤ ਸਿੰਘ ਸਮੇਂ ਗੁਰਦਵਾਰਿਆਂ ਦੀਆਂ ਇਮਾਰਤਾਂ ਫਿਰ ਉਮਰਨੀਆਂ ਸ਼ੁਰੂ ਹੋ ਗਈਆਂ। ਮਹਾਰਾਜਾ ਰਣਜੀਤ ਸਿੰਘ ਨੇ ਗੁਰਦਵਾਰਿਆਂ ਦੇ ਨਾਮ ਵੱਡੀਆਂ ਜਗੀਰਾਂ ਲਾ ਦਿੱਤੀਆਂ। ਗੁਰਦਵਾਰੇ ਫਿਰ ਇਕ ਵੇਰ ਸਿੱਖੀ ਪ੍ਰਚਾਰ ਦਾ ਕੇਂਦਰ ਬਣ ਗਏ। ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਸੋਨੇ ਤੇ ਹੀਰਿਆਂ ਨਾਲ ਸ਼ਿੰਗਾਰਿਆ ਗਿਆ। ਸਿੱਖੀ ਵਧਣ ਫੁੱਲਣ ਲਗੀ। ਪਰ ਅਫਸੋਸ! ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਬਾਅਦ ਸਿੱਖ ਫਿਰ ਫੁੱਟ ਦਾ ਸ਼ਿਕਾਰ ਹੋ ਗਏ।

'ਘਰ ਕਉ ਆਗ ਲਗੀ, ਘਰ ਕੇ ਚਰਾਗ਼ ਸੇ'.. ਨਤੀਜਾ, ਪੰਜਾਬ ਫਰੰਗੀਆਂ ਦਾ ਗ਼ੁਲਾਮ ਹੋ ਗਿਆ। ਇਸ ਨਾਲ ਗੁਰਦਵਾਰਿਆਂ ਦੀ ਮਾਣ-ਮਰਯਾਦਾ ਤੇ ਬਹੁਤ ਅਸਰ ਪਿਆ। ਸੇਵਾਦਾਰ ਬਦਚਲਨ ਹੋ ਗਏ ਅਤੇ ਅੰਗਰੇਜ਼ੀ ਸਰਕਾਰ ਦੇ ਪਿੱਠੂ ਬਣ ਗਏ। ਗੁਰਦਵਾਰਿਆਂ ਦੀ ਆਮਦਨ ਗ਼ਲਤ ਕੰਮਾਂ ਤੇ ਖ਼ਰਚ ਕਰਨ ਲਗ ਪਏ। ਅੰਗਰੇਜ਼ ਚਾਲਾਕ ਤੇ ਮੱਕਾਰ ਸੀ-ਸਿੱਧਾ ਦਖ਼ਲ ਤਾਂ ਨਾਂਹ ਦਿੱਤਾ, ਪਰ ਇਨ੍ਹਾਂ ਹੱਥਠੋਕਿਆਂ ਰਾਹੀਂ ਕੌਮੀ ਸੋਮਿਆਂ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿਤੀ। ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ, ਜਿਸ ਨੂੰ ਪੰਥ ਕਦੇ ਨਹੀਂ ਭੁੱਲ ਸਕਦਾ, ਇਸੇ ਕੁਟਲ-ਨੀਤੀ ਕਾਰਨ ਹੋਇਆ। ਗੁਰਦਵਾਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣ ਦਾਸ ਨੇ ਅੰਗਰੇਜ਼ੀ ਸਰਕਾਰ ਦਾ ਹੱਥ-ਠੋਕਾ ਬਣ ਕੇ, ਮੱਸਾ ਰੰਗੜ ਵਰਗਾ ਖੇਲ ਖੇਲਨਾ ਸ਼ੁਰੂ ਕਰ ਦਿੱਤਾ। ਸਿੱਖ ਹਿਰਦਾ ਤੜਪ ਉਠਿਆ ਤੇ ਆਪਣੇ ਖ਼ੂਨ ਦੀ ਅਹੂਤੀ ਦੇ ਕੇ ਇਸ ਗੁਰਧਾਮ ਦੀ ਪਵਿਤ੍ਰਤਾ ਬਹਾਲ ਕੀਤੀ। ਗੁਰਦਵਾਰਾ ਜੈਤੋ, ਗੰਗਸਰ ਤੇ ਹੋਰ ਅਨੇਕਾਂ ਗੁਰਦਵਾਰਿਆਂ ਨੂੰ ਇਹਨਾਂ ਕੁਕਰਮੀ ਬੰਦਿਆਂ ਤੋਂ ਖਾਲਸੇ ਨੇ ਬਹੁਤ ਕੁਰਬਾਨੀਆਂ ਤੇ ਸ਼ਹੀਦੀਆਂ ਦੇਕੇ ਅਜ਼ਾਦ

ਕਰਵਾਇਆ।

੧੯੪੭ ਈ: ਵਿਚ ਭਾਰਤ ਆਜ਼ਾਦ ਹੋ ਗਿਆ। ਪਰ ਸਿਖਾਂ ਨੂੰ ਫਿਰ ਕੁਰਬਾਨੀ ਦਾ ਬਕਰਾ ਬਣਾਇਆ ਗਿਆ। ਮੁਸਲਿਮ ਲੀਗੀ ਗੁੰਡਿਆਂ ਨੇ ਸਿੱਖਾਂ ਦਾ ਕਤਲੇਆਮ ਕੀਤਾ ਤੇ ਗੁਰਧਾਮਾਂ ਦੀ ਬੇਅਦਬੀ ਕੀਤੀ। ਵੱਡੇ ਇਤਿਹਾਸਕ ਗੁਰਦਵਾਰੇ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ ਲਾਹੌਰ ਤੇ ਹੋਰ ਅਨੇਕਾਂ ਗੁਰਦਵਾਰੇ ਪਾਕਿਸਤਾਨ ਦੀ ਹੱਦ ਅੰਦਰ ਰਹਿ ਗਏ। ਇਸ ਵਿਛੋੜੇ ਦੇ ਸੱਲ ਨੂੰ ਸਿੱਖ ਆਪਣੀ ਅਰਦਾਸ ਵਿਚ ਦੁਹਰਾ ਕੇ, ਦਰਸ਼ਨ-ਇਸ਼ਨਾਨ ਤੇ ਸੇਵਾ ਸੰਭਾਲ ਦਾ ਦਾਨ ਆਪਣੇ ਗੁਰੂ ਪਾਸੋਂ ਮੰਗਦਾ ਹੈ। ਸਿਖ ਕੌਮ ਨੂੰ ਭਾਰਤ ਦੀ ਆਜ਼ਾਦੀ ਲਈ ਵੱਡਾ ਮੂਲ ਤਾਰਨਾ ਪਿਆ।

ਗੁਰੂ ਖਾਲਸੇ ਨੇ ਭਾਰਤ ਨਾਲ ਆਪਣੀ ਕਿਸਮਤ ਇਸ ਉਮੀਦ ਨਾਲ ਜੋੜੀ ਸੀ ਕਿ ਆਜ਼ਾਦੀ ਮਿਲਣ ਉਪਰੰਤ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਨਾਲ ਸਾਂਝੀ ਗੱਲ-ਬਾਤ ਹੋ ਕੇ, ਸਿਖਾਂ ਨੂੰ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਦਾ ਮੌਕਾ ਖੁਲ੍ਹੇ ਆਮ ਮਿਲ ਜਾਵੇਗਾ।ਪਰ ਗੱਲ ਉਲਟੀ ਹੋਈ। ਭਾਰਤ ਸਰਕਾਰ ਦੀ ਆਪਣੀ ਹੀ ਨੀਅਤ ਸਾਫ਼ ਨਹੀਂ ਸੀ। ਇਸੇ ਕੁਟਲ ਨੀਤੀ ਅਨੁਸਾਰ ਸਿਖਾਂ ਨੂੰ ਜਰਾਇਮ-ਪੇਸ਼ਾ ਕਰਾਰ ਦੇ ਕੇ ਉਨ੍ਹਾਂ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ। ਇਹਨਾਂ ਭਗਤੀ ਤੇ ਸ਼ਕਤੀ ਦੇ ਸੋਮਿਆਂ ਨੂੰ ਫ਼ਿਰਕੂ ਸਰਕਾਰ ਕੈਰੀ ਨਜ਼ਰ ਨਾਲ ਦੇਖਣ ਲੱਗ ਪਈ।

ਵਾਹਿਗੁਰੂ ਦਾ ਭਾਣਾ ਸਮਝੋ ਜਾਂ ਸਿਖਾਂ ਵਿਚ ਆ ਚੁਕੀਆਂ ਕਮਜ਼ੋਰੀਆਂ ਕਰਕੇ ਭਾਰਤ ਸਰਕਾਰ ਨੇ ਪਾਕਿਸਤਾਨ ਸਰਕਾਰ ਨਾਲ ਗੱਲ-ਬਾਤ ਤਾਂ ਕੀ ਕਰਨੀ ਸੀ, ਭਾਰਤ ਵਿਚਲੇ ਗੁਰਧਾਮਾਂ ਦੀ ਹੀ ਬੇਹੁਰਮਤੀ ਕਰਨ ਵਾਲਿਆਂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਹੈ। ੧੯੪੭ ਤੋਂ ੧੯੮੩ ਤਕ ਤਕਰੀਬਨ ੩੬ ਸਾਲ ਦੇ ਸਮੇਂ ਵਿਚ ਹਿਰਦੇ-ਵੇਧਕ ਕਾਰਵਾਈਆਂ ਦੀ ਲੜੀ ਲਗੀ ਜਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਪੁਸਤਕਾਂ ਦੇ ਪਤਰੇ ਪਾੜ ਕੇ ਅਗਨੀ ਦੇ ਹਵਾਲੇ ਕਰਕੇ ਲੋਹੜੀ ਮਨਾ ਰਹੇ ਹਨ। ਗੁਰਦਵਾਰਿਆਂ ਦੀਆਂ ਇਮਾਰਤਾਂ ਨੂੰ ਅੱਗਾਂ ਲਾਈਆਂ ਜਾ ਰਹੀਆਂ ਹਨ। ਪੁਲਸ ਜੁੱਤੀਆਂ ਸਮੇਤ ਅੰਦਰ ਦਾਖ਼ਲ ਹੋ ਕੇ, ਸਿਖਾਂ ਨੂੰ ਕੁੱਟ ਮਾਰ ਕਰਕੇ ਤਸ਼ੱਦਦ ਕਰ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਅੱਜ ਤਕ ਅਜਿਹੇ ਉਪੱਦਰ ਕਰਨ ਵਾਲੇ ਕਿਸੇ ਇਕ ਬੰਦੇ ਨੂੰ ਵੀ ਭਾਰਤ ਦਾ ਕਾਨੂੰਨ ਸਜ਼ਾ ਨਹੀਂ ਦੇ ਸਕਿਆ। ਕਾਰਨ, ਸਾਫ਼ ਹੈ ਕਿ ਵਾੜ ਹੀ ਖੇਤ ਨੂੰ ਖਾ ਰਹੀ ਹੈ।

'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਹਰਾ ਲਾਉਣ ਤੇ ਪੰਜਾਬ ਦੀ ਸੱਚਰ ਸਰਕਾਰ ਨੇ ਪਾਬੰਦੀ ਲਾ ਰਖੀ ਸੀ। ਇਸ ਗ਼ੈਰ-ਜਮਹੂਰੀਅਤ ਹੁਕਮ ਦੇ ਖ਼ਿਲਾਫ਼ ਸਿੱਖਾਂ ਨੇ ਮੋਰਚਾ ਲਾ ਰਖਿਆ। ਹਰ ਰੋਜ਼ ਸੈਂਕੜੇ ਸਿਖ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਅਰਦਾਸੇ ਸੋਧ ਕੇ ਗ੍ਰਿਫ਼ਤਾਰੀਆਂ ਦੇ ਰਹੇ ਸਨ। ਸਿੰਘਾਂ ਦੇ ਜੋਸ਼ ਸਾਹਮਣੇ ਭੀਮ ਸੈਨ ਸੱਚਰ ਬੌਂਦਲਾ ਗਿਆ। ਮਹਾਸ਼ਾ ਅਸ਼ਵਨੀ ਕੁਮਾਰ ਆਈ.ਜੀ. ਪੁਲਿਸ ਪੰਜਾਬ ਨੇ ਹਿੰਦ ਸਰਕਾਰ ਦੀ ਆਸ਼ੀਰਵਾਦ ਲੈ ਕੇ ੪ ਜੁਲਾਈ ੧੯੫੫ ਨੂੰ ਗੁਰੂ ਰਾਮਦਾਸ ਸਰਾਂ, ਮੰਜੀ ਸਾਹਿਬ ਤੇ ਦਰਬਾਰ ਸਾਹਿਬ ਵਿਚ ਇਕੱਤਰ ਹੋਈਆਂ ਸੰਗਤਾਂ ਤੇ ਪੁਲਿਸ ਦੀ ਮਦਦ ਨਾਲ ਹੱਲਾ ਬੋਲ ਦਿੱਤਾ। ਅਥਰੂ ਗੈਸ-ਗੋਲੇ ਤੇ ਗੋਲੀਆਂ ਦਾ ਇਸਤੇਮਾਲ ਕੀਤਾ ਗਿਆ। ਬਹੁਤ ਸਿੰਘ, ਸਿੰਘਣੀਆਂ ਤੋਂ ਬੱਚੇ ਬੁਰੀ ਤਰ੍ਹਾਂ ਜ਼ਖਮੀ ਹੋਏ। ਸ: ਧੰਨਾ ਸਿੰਘ ਗੁਲਸ਼ਨ ਅੱਖੀਂ ਡਿਠੇ ਹਾਲਾਤ ਆਪਣੀ ਪੁਸਤਕ  ਅਜ ਦਾ ਪੰਜਾਬ', ਸਫ਼ਾ ੫੭ ਤੇ ਲਿਖਦਾ ਹੈ -

ਪੰਜ ਦਿਨ ਪੁਲਿਸ ਨੇ ਆਪਣੀ ਸਾਰੀ ਸ਼ਕਤੀ ਮੋਰਚਾ ਫ਼ੇਲ ਕਰਨ ਲਈ ਵਰਤ ਕੇ ਦੇਖ ਲਈ। ਗੁਰੂ ਕਾ ਲੰਗਰ ਬੰਦ ਕਰ ਦਿੱਤਾ। ਰਾਸ਼ਨ ਅਤੇ ਬਰਤਨ ਵੀ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟੱਲ ਤੇ ਕੌਲਸਰ ਵਿਚ ਵੀ ਪੁਲਿਸ ਰੱਬੀ ਖੌਫ਼ ਭੁਲਾ ਕੇ ਜੁੱਤੀਆਂ ਸਮੇਤ ਪ੍ਰਕਰਮਾ ਵਿਚ ਫਿਰਦੀ ਰਹੀ।

ਪਾਪੀ ਕੋ ਮਾਰਨ ਲਈ ਪਾਪ ਹੀ ਮਹਾਂਬਲੀ ਹੈ। ਅਖ਼ੀਰ ਸੱਚਰ ਨੂੰ ਅਸਤੀਫਾ ਦੇਣਾ ਪਿਆ ਤੇ ਦਰਬਾਰ ਸਾਹਿਬ ਆ ਕੇ ਮੁਆਫੀ ਮੰਗੀ।

੨੨ ਦਸੰਬਰ ੧੯੬੪ ਨੂੰ ਡਿਪਟੀ ਕਮਿਸ਼ਨਰ ਨਾਹਨ ਹਿਮਾਚਲ ਪ੍ਰਦੇਸ਼, ਮਿਸਟਰ ਆਰ. ਕੇ. ਚੰਡੋਲ ਨੇ ਪੁਲਿਸ ਦੀ ਮਦਦ ਨਾਲ ਪਾਉਂਟਾ ਸਾਹਿਬ ਗੁਰਦੁਆਰੇ ਵਿਚ ਅਖੰਡ ਪਾਠ ਸੁਣ ਰਹੀ ਸੰਗਤ ਤੇ ਗੋਲੀ ਚਲਾ ਕੇ ੧੧ ਸਿੰਘ ਸ਼ਹੀਦ ਕਰ ਦਿਤੇ। ਇਸ ਹੱਲੇ ਵਿਚ ਮਹੰਤ ਗੁਰਦਿਆਲ ਸਿੰਘ ਦੇ ਕਰਾਏ ਤੇ ਲਿਆਂਦੇ ਬਦਮਾਸ਼ਾਂ ਨੇ ਵੀ ਪੂਰਾ ਭਾਗ ਲਿਆ। ਸਾਡੀ ਅਖੌਤੀ ਸੈਕੂਲਰ ਸਰਕਾਰ ਨੇ ਇਕ ਵੇਰਾਂ ਫਿਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਯਾਦ ਤਾਜ਼ਾ ਕਰ ਵਿਖਾਈ।

ਪਿਛਲੇ ਪੰਜਾਂ ਸਾਲਾਂ ਵਿਚ ਅਨੇਕਾਂ ਗੁਰਦਵਾਰਿਆਂ ਤੇ ਸਰੋਵਰਾਂ ਵਿਚ ਦੁਰਗੰਧ ਸੁਟੀ ਗਈ। ਫ਼ਿਰਕਾ-ਪ੍ਰਸਤ ਹਿੰਦ ਸਰਕਾਰ ਦੇ ਸਿਰ ਜੂੰ ਤਕ ਨਹੀਂ ਸਰਕੀ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਫਿਰ ਪੁਲਿਸ ਰੇਡ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਸਿਖਾਂ ਨੂੰ ਬਦਨਾਮ ਕਰਨ ਲਈ ਗੁਰਦਵਾਰੇ ਅਪਰਾਧੀ ਤੇ ਡਾਕੂਆਂ ਦੀ ਪਨਾਹਗਾਹ ਦਾ ਰੌਲਾ ਪਾਇਆ

ਜਾ ਰਿਹਾ ਹੈ। ਡੀ. ਆਈ. ਜੀ. ਅਟਵਾਲ ਦਾ ਕਤਲ ਦਰਬਾਰ ਸਾਹਿਬ ਦੇ ਨੇੜੇ ਹੋਇਆ। ਕਾਤਲ ਦਿਨ-ਦੀਵੀਂ ਬਾਜ਼ਾਰ ਵਿਚ ਦੌੜਨ ਵਿਚ ਕਾਮਯਾਬ ਹੋ ਗਏ। ਸਰਕਾਰ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਕਹਿਣ ਲੱਗੀ ਕਿ ਕਾਤਲ ਦਰਬਾਰ ਸਾਹਿਬ ਵਿਚੋਂ ਆਏ ਤੇ ਕਤਲ ਕਰ ਕੇ ਵਾਪਸ ਅੰਦਰ ਹੀ ਚਲੇ ਗਏ। ਦੱਸਿਆ ਜਾਂਦਾ ਹੈ ਕਿ ਸੀ.ਬੀ.ਆਈ. ਦੀ ਰਿਪੋਰਟ ਅਨੁਸਾਰ, ਇਸ ਕਤਲ ਪਿੱਛੇ ਕਿਸੇ ਵਡੇ ਸਿਆਸੀ ਲੀਡਰ ਦਾ ਹੱਥ ਜਾਪਦਾ ਹੈ, ਪਰ ਰੀਪੋਰਟ ਸਿੱਖ ਲੀਡਰਾਂ ਦੇ ਚੈਲੰਜ ਕਰਨ ਤੇ ਵੀ ਸ਼ਾਇਆ ਨਹੀਂ ਕੀਤੀ ਗਈ। ਸਾਨੂੰ ਡਰ ਹੈ ਕਿ 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਸ਼ਰਧਾਲੂ ਕਿਤੇ ਹਿੰਦੁਸਤਾਨ ਦੇ ਟੁਕੜੇ ਕਰਵਾ ਕੇ ਨਾ ਛੱਡਣ, ਜਿਵੇਂ ਅਗੇ ਇਨ੍ਹਾਂ ਦੀ ਫ਼ਿਰਕੂ ਜ਼ਹਿਨੀਅਤ ਦੇ ਜ਼ਹਿਰੀਲੇ ਪਰਚਾਰ ਸਦਕਾ ਪਾਕਿਸਤਾਨ ਬਣਿਆ ਹੈ। ਇਹ ਗੱਲ ਨਿਸਚੇ ਮੰਨਣੀ ਪਵੇਗੀ ਕਿ ਤਸ਼ੱਦਦ ਅਤੇ ਜ਼ੁਲਮ ਬਹੁਤਾ ਚਿਰ ਫਲ-ਫੁੱਲ ਨਹੀਂ ਸਕਦੇ, ਇਹ ਸਰਕਾਰਾਂ ਦੇ ਭੱਠੇ ਬਿਠਾ ਦਿੰਦੇ ਹੁੰਦੇ ਹਨ।

---

*(ਪੰਨਾ 13 ਦੀ ਬਾਕੀ)*

ਜੋਗੀ ਕਰਤੇ ਪੁਰਖ ਨੂੰ ਪਾ ਲੈਂਦਾ ਹੈ, ਐਸਾ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ।

ਗੁਰੂ ਨਾਨਕ ਸਾਹਿਬ ਸਚੜੀ ਗੁਰਮਤਿ ਗੁਹਜ ਗੱਲ ਸੁਣਾਉਂਦੇ ਹਨ ਕਿ ਕੇਵਲ ਗੁਰਮਤਿ ਜੋਗ-ਜੁਗਤੀ ਦਵਾਰਾ ਹੀ ਈਸ਼ਵਰ ਅਤੇ ਜੀਵ ਵਿਖੇ ਜੋ ਹਉਮੈ ਰੂਪੀ ਕੰਧ ਦੀ ਸੰਧ ਪਈ ਹੋਈ ਹੈ, ਉਸ ਨੂੰ ਮਿਟਾ ਕੇ ਸੱਚੇ ਵਾਹਿਗੁਰੂ ਨਾਲ ਮਿਲਿਆ ਰਹੇ। ਗੁਰ-ਦੀਖਿਆ ਰੂਪੀ ਸੱਚੀ ਔਖਧੀ ਵਰਤਣ ਨਾਲ ਹੀ ਸੱਚਾ ਭੋਜਨ ਛਾਂਦਾ ਮਿਲਦਾ ਹੈ। ਐਸੇ ਗੁਰਮਤਿ ਜੋਗੀ ਨੂੰ ਸੁਤੇ ਸੁਭਾਵ ਹੀ ਛੇ ਦਰਸ਼ਨਾਂ (ਖਟ ਸ਼ਾਸਤਰਾਂ ਦੀ) ਦੀ ਸੋਝੀ ਹੋ ਜਾਂਦੀ ਹੈ।

ਇਹੋ ਭਾਵ ਅਗਲੇਰੇ ਗੁਰਵਾਕ ਅੰਦਰ ਵੀ ਨਿਰੂਪਣ ਕੀਤਾ ਗਿਆ ਹੈ ਕਿ ਪਾਖੰਡ ਜੋਗ ਕੀਤਿਆਂ ਪਾਪਾਂ ਦੀ ਭਰੀ ਹੋਈ ਬੇੜੀ ਬੰਨੇ ਨਹੀਂ ਲਗਦੀ, ਜਰਾ ਕੁ ਹਵਾ ਲਗਣ ਤੇ ਡੁਬ ਜਾਂਦੀ ਹੈ। ਗੁਰਮਤਿ ਨਾਮ ਰਤੜੇ ਸੱਚੇ ਜਗ ਪ੍ਰਾਪਤ ਕੀਤੇ ਬਿਨਾਂ ਇਹ ਹਵਾ ਸਾਰੇ ਪਾਖੰਡ ਜੋਗੀਆਂ ਨੂੰ ਲੱਗੇ ਬਿਨਾਂ ਰਹਿੰਦੀ ਨਹੀਂ। ਸਨਮੁਖ ਹੋ ਕੇ ਨਿਰਵਿਕਲਪ ਸੱਚੇ ਵਾਹਿਗੁਰੂ ਸਿਧ ਨੂੰ ਭੇਟਣ ਲਗਿਆਂ, ਨਿਸਚੇ ਕਰਕੇ ਸੱਚੀ ਵਡਿਆਈ ਮਿਲਦੀ ਹੈ। ਤਾਂ ਤੇ ਧੁਰ ਦਰਗਾਹੋਂ ਕਲਜੁਗੀ ਜੀਵਾਂ ਨੂੰ ਤਾਰਨ ਆਇਆ ਸਤਿਗੁਰੂ ਹੀ ਮੰਝਧਾਰ ਪਈ ਬੇੜੀ ਨੂੰ ਤਾਰਨਹਾਰਾ ਹੈ। ਪੂਰਨ ਅਬਿਨਾਸ਼ੀ ਵਾਹਿਗੁਰੂ ਦੀ ਸਤਿਗੁਰੂ ਦਵਾਰਾ ਬਖਸ਼ੀ ਹੋਈ ਭਗਤੀ ਕਰਕੇ ਹੀ ਪਾਰ ਹੋਇਆ ਜਾ ਸਕਦਾ ਹੈ। ਐਸੇ ਸਤਿਗੁਰੂ ਵਿਟਹੁੰ ਸਦਾ ਸਦਾ ਹੀ ਵਾਰਨੇ ਬਲਿਹਾਰਨੇ ਜਾਈਏ। ਇਹ ਜੋਗੀ, ਸਿਧ ਸਾਧਿਕ, ਜੋਗੀ ਜੰਗਮ, ਸਭ ਭਰਮ-ਭੁੱਲੇ ਅਤੇ ਭਟਕੇ ਹੀ ਫਿਰਦੇ ਹਨ। ਸੱਚੀ ਸਿੱਧਤਾ ਇਹ ਹੈ, ਜਿਸ ਦਵਾਰਾ ਇਕ ਅਕਾਲ ਰੂਪੀ ਸੱਚੇ ਵਾਹਿਗੁਰੂ ਸਿਧ ਨੂੰ ਧਿਆਇਆ ਜਾਵੇ। ਅਤੇ ਉਹੀ ਸੱਚੜੇ ਸਿਧ ਸਾਧਿਕ ਸੱਚੜੇ ਜੋਗੀ ਹਨ, ਜੋ ਸਚੜੀ ਸਿਧੀ ਗ੍ਰਹਿਣ ਕਰ ਕੇ ਇਕੋ ਸੱਚੜੇ ਵਾਹਿਗੁਰੂ ਸਿਧ ਨੂੰ ਧਿਆਉਂਦੇ ਹਨ। ਉਹ ਵਾਹਿਗੁਰੂ ਸੁਆਮੀ ਦੇ ਚਰਨ ਪਰਸਿਆਂ ਹੀ ਸਫਲ ਹੋ ਜਾਂਦੇ ਹਨ। ਤਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ ਧੁਰੋਂ, ਗੁਰੂ ਵਾਹਿਗੁਰੂ ਦੀ ਦਰਗਾਹੋਂ ਸੱਚੀ ਗੁਰ-ਦੀਖਿਆ-ਮਈ ਗੁਰਮਤਿ ਨਾਮ ਗੁਰਮੰਤਰ ਰੂਪੀ ਅੱਖਰ ਮਿਲ ਜਾਂਦਾ ਹੈ। ਸੋ ਸੱਚੇ ਗੁਰਮਤਿ ਜੋਗੀਆਂ ਨੂੰ ਵਾਹਿਗੁਰੂ ਨਾਮ ਜਪੀ ਜਾਣ ਬਿਨਾਂ ਕੋਈ ਵੀ ਹੀਲਾ ਨਹੀਂ। ਤਾਂ ਤੇ ਐਸੇ ਗੁਰਮਤਿ ਨਾਮ-ਅਹਾਰੀ ਨਾਮ-ਜੁਗਤਾਰੀ ਜਨ ਵਾਹਿਗੁਰੂ ਦੇ ਸੱਚੇ ਨਾਮ ਬਾਝੋਂ ਹੋਰ ਕੋਈ ਵੀ ਜਪ, ਤਪ, ਸੰਜਮ ਕਰਮ ਨਹੀਂ ਜਾਣਦੇ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਵਡਭਾਗੀ ਜਨਾਂ ਨੂੰ ਗੁਰੂ, ਪ੍ਰਮੇਸ਼ਰ ਰੂਪ ਧੁਰ ਦਰਗਾਹੋਂ ਹੀ ਭੇਟਨ ਹੋ ਜਾਂਦਾ ਹੈ। ਸੱਚੇ ਗੁਰ ਸ਼ਬਦ ਦਵਾਰਾ ਹੀ ਸਚੜਾ ਨਿਬੇੜਾ ਹੁੰਦਾ ਹੈ। ਗੁਰ-ਦੀਖਿਆ ਗ੍ਰਹਿਣ ਕੀਤੇ ਬਿਨਾਂ ਜਨਮ ਮਰਨ ਦਾ ਗੇੜ ਨਹੀਂ ਮੁਕਦਾ ਅਤੇ ਸੱਚੜਾ ਰਾਜ ਜੋਗ ਪ੍ਰਾਪਤ ਨਹੀਂ ਹੁੰਦਾ। ਇਸ ਤੋਂ ਬਿਨਾਂ ਹੋਰ ਸਭ ਪਾਖੰਡ ਰੂਪ ਹੈ, ਗੁਰਵਾਕ –

> ***ਹਮ ਡੋਲਤ ਬੇੜੀ ਪਾਪ ਭਰੀ ਹੈ, ਪਵਣੁ ਲਗੈ ਮਤੁ ਜਾਈ॥ ਸਨਮੁਖ ਸਿਧ ਭੇਟਣ ਕਉ ਆਏ, ਨਿਹਚਉ ਦੇਹਿ ਵਡਿਆਈ॥੧॥ ਗੁਰ ਤਾਰਿ ਤਾਰਣਹਾਰਿਆ॥ ਦੇਹਿ ਭਗਤਿ ਪੂਰਨ ਅਵਿਨਾਸੀ, ਹਉ ਤੁਝ ਕਉ ਬਲਿਹਾਰਿਆ॥੧॥ਰਹਾਉ॥ ਸਿਧ ਸਾਧਿਕ ਜੋਗੀ ਅਰੁ ਜੰਗਮ, ਏਕੁ ਸਿਧੁ ਜਿਨੀ ਧਿਆਇਆ॥ ਪਰਸਤ ਪੈਰ ਸਿਝਤ ਤੇ ਸੁਆਮੀ, ਅਖਰੁ ਜਿਨ ਕਉ ਆਇਆ॥੨॥ ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ॥ ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ॥੩॥੬॥ ਅੰਗ – ੮੭੮***

ਸਾਰ ਸਿੱਟਾ ਇਹ ਹੈ ਕਿ ਜਿਤਨੇ ਵੀ ਅਨਮਤਿ ਜੋਗ-ਜੁਗਤਿ ਵਾਲੇ ਭੇਤ ਹਨ, ਸਭ ਰਸਾਤਲ ਨੂੰ ਲਿਜਾਣ ਵਾਲੇ ਹਨ। ਕੇਵਲ ਗੁਰਮਤਿ, ਸੱਚੜੀ ਗੁਰਮਤਿ ਧਾਰਨੀ, ਸੱਚੜਾ ਮੱਤ ਧਾਰਨ ਕੀਤਿਆਂ ਸੱਚੜਾ ਨਿਸਤਾਰਾ ਤੇ ਭਵਜਲ ਤੋਂ ਪਾਰ-ਉਤਾਰਾ ਹੁੰਦਾ ਹੈ।

# ਦੁਖੁ ਤਦੇ ਜਾ ਵਿਸਰਿ ਜਾਵੈ

*[ਡਾ. ਪਰਮਜੀਤ ਕੌਰ ਜੀ]*

ਆਧੁਨਿਕ ਯੁਗ ਵਿਚ ਭੌਤਿਕ ਉੱਨਤੀ ਦੇ ਸਾਰੇ ਸਾਧਨਾਂ ਦੇ ਹੁੰਦੇ ਹੋਏ ਵੀ ਕੋਈ ਮਨੁੱਖ ਸੰਤੁਸ਼ਟ ਅਤੇ ਸੁਖੀ ਪ੍ਰਤੀਤ ਨਹੀਂ ਹੁੰਦਾ। ਹਰ ਵੇਲੇ ਚਿੰਤਾਤੁਰ ਹੋਇਆ ਸੁਖ ਦੀ ਖੋਜ ਵਿੱਚ ਭਟਕਦਾ ਫਿਰਦਾ ਹੈ। ਗੁਰੂ ਨਾਨਕ ਦੇਵ ਜੀ ਇਸ ਦਾ ਕਾਰਣ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਮੂਰਖ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਭੋਗਾਂ ਵਿਚ ਲਿਪਤ ਰਹਿੰਦਾ ਹੈ, ਲੋਭ ਕਰਦਾ ਹੈ ਜੋ ਪਾਪ ਦਾ ਕਾਰਣ ਅਤੇ ਦੁੱਖਾਂ ਦਾ ਮੂਲ ਹੈ। ਪਾਪ ਕਰਨ ਕਰਕੇ ਭੋਗਾਂ ਦੇ ਸੁੱਖ ਤੋਂ ਰੋਗ ਪੈਦਾ ਹੁੰਦੇ ਹਨ ਅਤੇ ਖੁਸ਼ੀ, ਚਿੰਤਾ ਵਿਚ ਬਦਲ ਜਾਂਦੀ ਹੈ –

*ਮੂਰਖੁ ਭੋਗੇ ਭੋਗੁ ਦੁਖ ਸਬਾਇਆ॥*
*ਸੁਖਹੁ ਉਠੇ ਰੋਗ ਪਾਪ ਕਮਾਇਆ॥*
*ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥*
*ਅੰਗ – ੧੩੯*

ਜਿੱਥੇ ਪ੍ਰਭੂ ਦਾ ਸਿਮਰਨ ਨਹੀਂ ਉੱਥੇ ਦੁੱਖ ਹੀ ਦੁਖ ਹਨ –

*ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥*
*ਕੋਟਿ ਅਨੰਦ ਜਹ ਗੁਣ ਗਾਹੀ॥੧॥*
*ਹਰਿ ਬਿਸਰਿਐ ਦੁਖ ਰੋਗ ਘਨੇਰੇ॥*
*ਪ੍ਰਭ ਸੇਵਾ ਜਮੁ ਲਗੈ ਨ ਨੇਰੇ॥੨॥ ਅੰਗ – ੧੯੭*

ਮਾਇਆ ਦਾ ਮੋਹ ਹੀ ਪ੍ਰਭੂ ਨੂੰ ਵਿਸਾਰ ਦੇਣ ਦਾ ਕਾਰਨ ਹੈ। ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਤ੍ਰਿਸ਼ਨਾ ਦੇ ਅਧੀਨ ਹੋ ਜਾਂਦਾ ਹੈ। ਉਸਨੂੰ ਹਰ ਵੇਲੇ ਧਨ, ਸੋਹਣੇ ਘਰ, ਚੰਗੇ ਤੋਂ ਚੰਗੇ ਪਦਾਰਥਾਂ ਦੇ ਭੋਗ ਅਤੇ ਖੋਖਲੀ ਪ੍ਰਤਿਸ਼ਠਾ ਆਦਿਕ ਦਾ ਖਿਆਲ ਚਿੰਤਾਤੁਰ ਰੱਖਦਾ ਹੈ। ਜਿਵੇਂ ਅੱਗ ਵਿੱਚ ਘਿਉ ਪਾਉਣ ਨਾਲ ਅੱਗ ਵੱਧਦੀ ਜਾਂਦੀ ਹੈ ਤਿਵੇਂ ਹੀ ਜਿਉਂ ਜਿਉਂ ਮਨੁੱਖ ਦੀਆਂ ਕਾਮਨਾਵਾਂ ਪੂਰੀਆ ਹੁੰਦੀਆ ਹਨ, ਲੋਭ ਵੱਧਦਾ ਜਾਂਦਾ ਹੈ। ਜੇਕਰ ਆਸ ਪੂਰੀ ਨਹੀਂ ਹੁੰਦੀ ਤਾਂ ਮਨੁੱਖ ਕ੍ਰੋਧ ਕਰਦਾ ਹੈ। ਵਿਕਾਰਾਂ ਦੇ ਜਾਲ ਵਿੱਚ ਫਸਿਆ ਹੋਇਆ ਡਰ, ਸਹਿਮ ਅਤੇ ਮਾਨਸਿਕ ਅਸ਼ਾਂਤੀ ਵਿੱਚ ਜੀਵਨ ਗੁਜ਼ਾਰਦਾ ਹੋਇਆ ਸਦਾ ਸੁੱਖ ਦੀ ਪ੍ਰਾਪਤੀ ਲਈ ਥਾਂ ਥਾਂ ਭਟਕਦਾ ਫਿਰਦਾ ਹੈ –

*ਦੁਖੁ ਤਦੇ ਜਾ ਵਿਸਰਿ ਜਾਵੈ॥*
*ਭੁਖ ਵਿਆਪੈ ਬਹੁ ਬਿਧਿ ਧਾਵੈ॥*
*ਸਿਮਰਤ ਨਾਮੁ ਸਦਾ ਸੁਹੇਲਾ,*
*ਜਿਸੁ ਦੇਵੈ ਦੀਨ ਦਇਆਲਾ ਜੀਉ॥ ਅੰਗ – ੯੮੮*

ਪਰਮਾਤਮਾ ਨੂੰ ਵਿਸਾਰ ਕੇ ਪੁੱਤਰ, ਪਤਨੀ, ਮਿੱਤਰ ਆਦਿਕ ਦੇ ਝੂਠੇ ਮੋਹ ਅਤੇ ਭੌਤਿਕ ਸੁੱਖਾਂ ਵਿੱਚ ਲਿਪਤ ਮਨੁੱਖ, ਆਪਣੇ ਆਤਮਿਕ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ। ਉਹ ਇਹ ਹਕੀਕਤ ਜਾਣਦਾ ਹੈ ਪਰ ਮਾਇਆ ਦੇ ਮੋਹ ਨੇ ਉਸਦੇ ਗਿਆਨ ਤੇ ਮਾਨੋ ਪਰਦਾ ਪਾ ਲਿਆ ਹੈ। ਉਸਦੇ ਗਿਆਨ ਰੂਪੀ ਹੀਰੇ ਨੂੰ ਚੁਰਾ ਲਿਆ ਹੈ। ਕਬੀਰ ਜੀ ਦਾ ਕਥਨ ਹੈ –

*ਬਾਬਾ ਮਾਇਆ ਮੋਹ ਹਿਤ ਕੀਨ॥*
*ਜਿਨਿ ਗਿਆਨੁ ਰਤਨੁ ਹਿਰਿ ਲੀਨੁ॥ ਅੰਗ – ੪੯੨*

ਪ੍ਰਭੂ ਨੂੰ ਵਿਸਾਰ ਦੇਣ ਵਾਲੇ ਕੂੜ ਦੇ ਵਪਾਰੀ ਹਨ। ਉਹ ਕੂੜ ਬੀਜਦੇ ਹਨ ਅਤੇ ਕੂੜ ਹੀ ਖੱਟਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਦੇ ਖੂਹ ਵਿਚ ਐਸੇ ਡਿੱਗਦੇ ਹਨ ਕਿ ਨਿਕਲਨਾਂ ਔਖਾ ਹੋ ਜਾਂਦਾ ਹੈ –

*ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ॥*
*ਕੂੜੁ ਕਮਾਵਨਿ ਦੁਖੁ ਲਾਗੈ ਭਾਰਾ॥*
*ਭਰਮੇ ਭੂਲੇ ਫਿਰਨਿ ਦਿਨ ਰਾਤੀ*
*ਮਰਿ ਜਨਮਹਿ ਜਨਮੁ ਗਵਾਵਣਿਆ॥ ਅੰਗ – ੧੧੬*

ਪਾਪ ਦੇ ਕਰਮ ਕੂੜ ਕਹੇ ਜਾਂਦੇ ਹਨ ਅਤੇ ਪਾਪ ਦੀ ਕਮਾਈ ਵੀ ਕੂੜ ਦੀ ਕਮਾਈ ਹੁੰਦੀ ਹੈ। ਲੋਭ ਹਮੇਸ਼ਾਂ ਪਾਪ ਦਾ ਕਾਰਣ ਬਣਦਾ ਹੈ। ਐਸਾ ਮਨੁੱਖ ਨਾ ਕਮਾਈ ਕਰਨ ਵੇਲੇ ਸੰਤੁਸ਼ਟ ਅਤੇ ਸੁਖੀ ਹੁੰਦਾ ਹੈ ਨਾ ਉਸ ਕਮਾਈ ਨੂੰ ਭੋਗਦਾ ਹੋਇਆ ਨਿਰੋਗ ਤੇ ਸੌਖਾ ਹੁੰਦਾ ਹੈ। ਉਸਦਾ ਮਨ

ਸਦਾ ਭਟਕਦਾ ਹੀ ਰਹਿੰਦਾ ਹੈ। ਜਿਸ ਦੇ ਅੰਦਰ ਦੁੱਖ ਹੋਣ, ਭਟਕਣਾ ਹੋਵੇ, ਉਸਦਾ ਖੱਟਣਾ ਕੀ ਤੇ ਖਾਣਾ ਕੀ–

*ਕਿਆ ਓਹੁ ਖਟੇ ਕਿਆ ਓਹੁ ਖਾਵੈ,*
*ਜਿਸੁ ਅੰਦਰਿ ਸਹਸਾ ਦੁਖੁ ਪਇਆ। ਅੰਗ – ੩੦੭*

ਪਰਮਾਤਮਾ ਵਿਸਰਿਆ ਰਹੇ ਤਾਂ ਅਨੇਕਾਂ ਵਿਘਨ ਆ ਘੇਰਦੇ ਹਨ, ਚਿੰਤਾ, ਫਿਕਰ ਸਤਾਂਦੇ ਰਹਿੰਦੇ ਹਨ। ਮਨੁੱਖ ਇਵੇਂ ਹੀ ਵਿਲਕਦਾ ਰਹਿੰਦਾ ਹੈ ਜਿਵੇਂ ਖਾਲੀ ਘਰ ਆਇਆ ਕਾਂ ਵਿਲਕਦਾ ਹੈ –

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*
*ਨਾਨਕ ਅਨਦਿਨੁ ਬਿਲਪਤੇ, ਜਿਉ ਸੁੰਞੈ ਘਰਿ ਕਾਉ॥*
*ਅੰਗ – ੫੨੨*

ਜੇਕਰ ਅਕਾਲ ਪੁਰਖ ਵਿੱਚ ਸ਼ਰਧਾ ਅਤੇ ਵਿਸ਼ਵਾਸ਼ ਨਾ ਹੋਵੇ ਤਾਂ ਦੁਨੀਆਂ ਦੀਆਂ ਸਾਰੀਆਂ ਵਡਿਆਈਆਂ, ਮਾਣ ਕੋਈ ਅਰਥ ਨਹੀਂ ਰੱਖਦੇ। ਖੁਸ਼ੀਆਂ ਤਾਂ ਹੀ ਸੁਖ ਦੇਂਦੀਆਂ ਹਨ ਜੇਕਰ ਪ੍ਰਭੂ ਨੂੰ ਯਾਦ ਰੱਖਿਆ ਜਾਵੇ, ਪ੍ਰਭੂ ਦਾ ਸ਼ੁਕਰ ਕੀਤਾ ਜਾਵੇ, ਨਹੀਂ ਤਾਂ ਦਿਖਾਈ ਦੇਣ ਵਾਲੀਆਂ ਖੁਸ਼ੀਆਂ ਅਤੇ ਸੁੱਖ ਸਿਰਫ਼ ਅੱਖਾਂ ਦਾ ਹੀ ਭੁਲੇਖਾ ਹਨ। ਜੇਕਰ ਅਕਾਲ ਪੁਰਖ ਵਾਹਿਗੁਰੂ ਨੂੰ ਵਿਸਾਰਦੇ ਦੁਨਿਆਵੀਂ ਭੋਗਾਂ ਨੂੰ ਭੋਗਦਾ ਹੋਇਆ ਕੋਈ ਸੁਖੀ ਦਿਸਦਾ ਹੈ ਤਾਂ ਉਸਦਾ ਇਹ ਸੁੱਖ ਓਪਰਾ ਹੀ ਹੁੰਦਾ ਹੈ, ਅੰਦਰੋਂ ਤਾਂ ਉਹ ਦੁਖੀ ਅਤੇ ਚਿੰਤਤ ਹੀ ਨਜ਼ਰ ਆਉਂਦਾ ਹੈ ਕਿਉਂਕਿ ਉਸਦੇ ਅੰਦਰ ਸੰਤੋਖ ਨਹੀਂ ਹੁੰਦਾ। ਅੰਦਰ ਤ੍ਰਿਸ਼ਨਾ ਦੀ ਅੱਗ ਬਲਦੀ ਰਹਿੰਦੀ ਹੈ। ਜਿਸਦੇ ਅੰਦਰ ਭਾਂਬੜ ਬਲ ਰਹੇ ਹੋਣ ਉਹ ਸੁਖੀ ਕਿਵੇਂ ਹੋ ਸਕਦਾ ਹੈ।

*ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ॥*
*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ।*
*ਅੰਗ – ੩੧੯*

ਕਨਕ ਕਾਮਿਨੀ ਅਤੇ ਰੋਗਾਂ ਤੋਂ ਬਚਾਣ ਵਾਲਾ ਪ੍ਰਭੂ ਦੇ ਨਾਮ ਤੋਂ ਬਿਨਾਂ ਕੋਈ ਦਾਰੂ, ਕੋਈ ਮੰਤ੍ਰ ਨਹੀਂ। ਗੁਰੂ ਨਾਨਕ ਦੇਵ ਜੀ ਦ੍ਰਿੜ੍ਹ ਕਰਵਾਉਂਦੇ ਹਨ –

*ਅਵਰੁ ਨ ਅਉਖਧੁ ਤੰਤ ਨ ਮੰਤਾ॥*
*ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥ ਅੰਗ – ੪੧੬*

ਜਿਸ ਮਨੁੱਖ ਦੇ ਮਨ ਵਿੱਚ ਪ੍ਰਭੂ ਦੇ ਨਾਮ ਸਿਮਰਨ ਦੀ ਭੁੱਖ ਪੈਦਾ ਹੋ ਜਾਂਦੀ ਹੈ, ਉਸਦਾ ਮਨ ਨਿਰਮਲ ਹੋ ਜਾਂਦਾ ਹੈ। ਮਨ ਵਿੱਚ ਸੰਤੋਖ ਦੀ ਭਾਵਨਾ ਆ ਜਾਂਦੀ ਹੈ, ਹੋਰ ਕੋਈ ਤ੍ਰਿਸ਼ਨਾ ਭੁੱਖ ਨਹੀਂ ਰਹਿ ਜਾਂਦੀ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਕੋਈ ਦੁੱਖ ਪ੍ਰਭਾਵਿਤ ਨਹੀਂ ਕਰਦਾ –

*ਪਾਰਬ੍ਰਹਮ ਕੀ ਜਿਸੁ ਮਨਿ ਭੂਖ।*
*ਨਾਨਕ ਤਿਸਹਿ ਨ ਲਾਗੈ ਦੂਖ॥ ਅੰਗ – ੨੮੧*

ਪ੍ਰਭੂ ਆਪ ਆਪਣੇ ਭਗਤਾਂ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰ ਦੇਂਦਾ ਹੈ। ਜਿਸ ਹਿਰਦੇ ਵਿੱਚ ਪ੍ਰਭੂ ਵਸਦਾ ਹੈ ਉਥੇ ਦੁਨਿਆਵੀ ਡਰ ਅਤੇ ਮੌਤ ਦਾ ਸਹਿਮ ਨਹੀਂ ਹੁੰਦਾ–

*ਦੂਖੁ ਰੋਗੁ ਨ ਭਉ ਬਿਆਪੈ*
*ਜਿਨੀ ਹਰਿ ਹਰਿ ਧਿਆਇਆ। ਅੰਗ – ੫੪੪*

ਪ੍ਰਭੂ ਦਾ ਡਰ, ਅਦਬ, ਹਿਰਦੇ ਵਿਚ ਬਣਿਆ ਰਹਿੰਦਾ ਹੈ। ਪਰਮਾਤਮਾ ਸਦਾ ਅੰਗ ਸੰਗ ਜਾਪਦਾ ਹੈ। ਜੀਵਨ ਸਫ਼ਰ ਵਿੱਚ ਕੋਈ ਔਖਿਆਈ ਅਨੁਭਵ ਨਹੀਂ ਹੁੰਦੀ। ਪ੍ਰਭੂ ਨਾਲ ਪ੍ਰੇਮ ਬਣ ਜਾਣ ਨਾਲ ਸਾਰੇ ਦੁਸ਼ਮਣ, ਸੱਜਣ ਮਿੱਤਰ ਬਣ ਜਾਂਦੇ ਹਨ –

*ਸਿਮਰਤ ਨਾਮੁ ਦੋਖ ਸਭਿ ਲਾਥੇ॥*
*ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ*
*ਭੈ ਭਉ ਭਰਮੁ ਖੋਇਆ ਗੁਰਿ ਪੂਰੈ*
*ਦੇਖਾ ਸਭਨੀ ਲਾਈ ਜੀਉ॥੨॥ ਅੰਗ – ੧੦੭*

ਪਰਮਾਤਮਾ ਨਾਲ ਜੁੜਨ ਲਈ ਗੁਰ–ਸ਼ਬਦ ਦਾ ਆਸਰਾ ਲੈਂਦੇ, ਗੁਰ–ਸ਼ਬਦ ਅਨੁਸਾਰ ਜੀਵਨ ਘਾੜਤ ਘੜਨੀ ਪੈਂਦੀ ਹੈ, ਤਾਂ ਹੀ ਆਚਰਣ ਪਵਿੱਤ੍ਰ ਹੁੰਦਾ ਹੈ। ਪਰਮਾਤਮਾ ਦਾ ਨਿਵਾਸ ਪਵਿੱਤਰ ਆਚਰਣ ਵਾਲੇ ਹਿਰਦੇ ਵਿਚ ਹੀ ਹੁੰਦਾ ਹੈ –

*ਸੂਚੇ ਭਾਂਡੇ ਸਚੁ ਸਮਾਵੈ ਵਿਰਲੇ ਸੂਚਾਚਾਰੀ।*

ਜਿਹੜੇ ਗੁਰ–ਸ਼ਬਦ ਅਨੁਸਾਰ ਜੀਵਨ ਘਾੜਤ ਘੜਦੇ ਹਨ ਉਹ ਪ੍ਰਭੂ ਨਾਲ ਜੁੜ ਜਾਂਦੇ ਹਨ, ਉਠਦੇ ਬੈਠਦੇ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ ਅਤੇ ਸੁਖੀ ਹੋ ਜਾਂਦੇ ਹਨ। ਉਹਨਾਂ ਦੇ ਮਨ ਵਿੱਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਹਿਰਦੇ ਵਿਚ ਚਾਨਣ ਹੋ ਜਾਂਦਾ ਹੈ –

*ਅੰਤਰਿ ਸਬਦੁ ਵਸਾਇਆ,*
*ਦੁਖੁ ਕਟਿਆ ਚਾਨਣੁ ਕੀਆ ਕਰਤਾਰਿ॥ ਅੰਗ – ੫੪੯*

ਗੁਰ–ਸ਼ਬਦ ਅਨੁਸਾਰ ਜੀਵਨ ਨੂੰ ਢਾਲਕੇ ਪ੍ਰਭੂ ਦੇ ਪ੍ਰੇਮ ਦੀ ਛੋਹ ਪ੍ਰਾਪਤ ਕਰ ਲੈਣ ਵਾਲਾ ਮਨੁੱਖ ਦੁਨੀਆਂ ਦੇ ਕਾਰ–ਵਿਹਾਰ ਕਰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਉਹ ਆਤਮਿਕ ਮੌਤ ਦੇ ਕਰੜੇ ਮਾਰਗ ਤੇ ਨਹੀਂ ਪੈਂਦਾ–

*ਹਰਿ ਕੇ ਲੋਗੁ ਨਹੀ ਜਮੁ ਮਾਰੈ॥*
*ਨਾ ਦੁਖੁ ਦੇਖਹਿ ਪੰਥਿ ਕਰਾਰੈ॥*
*ਰਾਮ ਨਾਮੁ ਘਟ ਅੰਤਰਿ ਪੂਜਾ*
*ਅਵਰੁ ਨ ਦੂਜਾ ਕਾਹਾ ਹੇ॥ ਅੰਗ – ੧੦੩੨*

ਪਰਮਾਤਮਾ ਦਾ ਸਿਮਰਨ ਕਦੋਂ ਤੇ ਕਿਵੇਂ ਕਰਨਾ ਚਾਹੀਦਾ ਹੈ। ਇਸ ਬਾਰੇ ਸਮਝਾਉਂਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਕ ਮਨ ਇਕ ਚਿੱਤ ਹੋ ਕੇ ਪ੍ਰਭੂ ਦਾ ਧਿਆਨ ਕਰਨਾ ਚਾਹੀਦਾ ਹੈ –

*ਜਿਨੀ ਤੂੰ ਇਕ ਮਨਿ ਸਚੁ ਧਿਆਇਆ*
*ਤਿਨ ਕਾ ਸਭੁ ਦੁਖੁ ਗਵਾਇਆ॥ ਅੰਗ – ੩੦੧*

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਨੂੰ ਜਿੰਦਗੀ ਦਾ ਆਸਰਾ ਬਣਾ ਕੇ ਹਿਰਦੇ ਵਿਚ ਸਿਮਰਨ ਕਰੋ। ਦੁਨੀਆਂ ਦੇ ਕਾਰ-ਵਿਹਾਰ ਕਰਦੇ ਹੋਏ ਪ੍ਰਭੂ ਨੂੰ ਸਦਾ ਹਿਰਦੇ ਵਿੱਚ ਰੱਖੋ। ਸੌਣ ਵੇਲੇ ਅਤੇ ਜਾਗਦੇ ਹੋਏ ਪਰਮਾਤਮਾ ਦੀ ਸਿਫਤਿ-ਸਾਲਾਹ ਕਰੋ। ਦੁੱਖ ਵਿਚ ਅਕਾਲ ਪੁਰਖ ਵਾਹਿਗੁਰੂ ਨੂੰ ਯਾਦ ਕਰੋ ਅਤੇ ਸੁਖ ਵਿੱਚ ਵੀ ਸਦਾ ਉਸਦਾ ਧਿਆਨ ਕਰੋ। ਹਰੇਕ ਸਾਹ ਦੇ ਨਾਲ, ਜੀਵਨ ਰਾਹ ਤੇ ਹਰੇਕ ਕਦਮ ਅੱਗੇ ਪੁੱਟਣ ਵੇਲੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ। ਪ੍ਰਭੂ ਦਾ ਸਿਮਰਨ ਜੀਵਨ ਰਾਹ ਤੇ ਚੱਲਣ ਲਈ ਪਰਮਾਤਮਾ ਦੁਆਰਾ ਦਿੱਤਾ ਗਿਆ ਰਾਹ-ਖਰਚ ਹੈ –

*ਅੰਤਰਿ ਗਾਵਉ ਬਾਹਰਿ ਗਾਵਉ*
*ਗਾਵਉ ਜਾਗਿ ਸਵਾਰੀ॥*
*ਸੰਗਿ ਚਲਨ ਕਉ ਤੋਸਾ ਦੀਨ੍ਾ*
*ਗੋਬਿੰਦ ਨਾਮ ਕੇ, ਬਿਉਹਾਰੀ॥੧॥*
*ਅਵਰ ਬਿਸਾਰੀ ਬਿਸਾਰੀ॥*
*ਨਾਮੁ ਦਾਨੁ ਗੁਰਿ ਪੂਰੈ ਦੀਓ*
*ਮੈ ਏਹੋ ਆਧਾਰੀ॥੧॥ਰਹਾਉ॥*
*ਦੁਖਨਿ ਗਾਵਉ ਸੁਖਿ ਭੀ ਗਾਵਉ*
*ਮਾਰਗਿ ਪੰਥਿ ਸਮ੍ਾਰੀ॥*
*ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ*
*ਮੋਰੀ ਤਿਸਾ ਬੁਝਾਰੀ॥੨॥*
*ਦਿਨੁ ਭੀ ਗਾਵਉ ਰੈਨੀ ਗਾਵਉ*
*ਗਾਵਉ ਸਾਸਿ ਸਾਸਿ ਰਸਨਾਰੀ॥*
*ਸਤਸੰਗਤਿ ਮਹਿ ਬਿਸਾਸੁ ਹੋਇ*
*ਹਰਿ ਜੀਵਤ ਮਰਤ ਸੰਗਾਰੀ॥੩॥ ਅੰਗ – ੪੦੧*

ਸਤਸੰਗਤ ਮਨ ਨੂੰ ਵਿਕਾਰਾਂ ਵਲੋਂ ਰੋਕਣ ਵਿੱਚ ਸਹਾਇਕ ਹੁੰਦੀ ਹੈ। ਸਾਧਸੰਗਤ ਵਿੱਚ ਟਿਕ ਕੇ ਅੱਠੇ ਪਹਿਰ ਪ੍ਰਭੂ ਦੀ ਅਰਾਧਨਾ ਕਰਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਹਾਵੀ ਨਹੀਂ ਹੁੰਦੇ। ਇਹ ਨਿਸ਼ਚਾ ਬਣ ਜਾਂਦਾ ਹੈ ਕਿ ਪ੍ਰਭੂ ਹਰ ਵੇਲੇ ਅੰਗ ਸੰਗ ਹੈ –

*ਸਾਧਸੰਗਿ ਉਧਾਰਿ ਇਹੁ ਮਨੁ ਆਠ ਪਹਰ ਆਰਾਧਿ॥*
*ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਟੈ ਸਗਲ ਉਪਾਧਿ॥੨॥*
*ਅੰਗ – ੫੦੧*

ਮਨ ਦੀ ਅਗਿਆਨਤਾ ਮਨ ਦਾ ਮੋਹ, ਪ੍ਰਭੂ ਦੀ ਮਿਹਰ ਨਾਲ ਹੀ ਦੂਰ ਹੁੰਦਾ ਹੈ। ਜਿਸਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਉਹ ਹਰੇਕ ਸੁਆਸ ਨਾਲ ਪ੍ਰਭੂ ਨੂੰ ਯਾਦ ਕਰਦਾ ਹੈ ਅਤੇ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਸਿੱਖ ਲੈਂਦਾ ਹੈ। ਪਰਮਾਤਮਾ ਦੀ ਰਜ਼ਾ ਵਿੱਚ ਤੁਰਿਆਂ ਸਾਰੇ ਸੁਖ ਮਿਲਦੇ ਹਨ। ਗੁਰੂ ਪਾਤਸ਼ਾਹ ਸਮਝਾਉਂਦੇ ਹਨ ਕਿ ਇਕੋ ਗੱਲ ਮਨੁੱਖ ਨੂੰ ਡਰ ਤੋਂ ਰਹਿਤ ਕਰ ਦੇਂਦੀ ਹੈ ਉਹ ਇਹ ਕਿ ਜਿਹੜਾ ਮਨੁੱਖ ਗੁਰੂ ਨੂੰ ਮਿਲਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ ਅਤੇ ਰਜ਼ਾ ਅਨੁਸਾਰ ਜੀਵਨ ਜੀਉਣਾ ਸਿੱਖ ਲੈਂਦਾ ਹੈ, ਉਹ ਸੁਖੀ ਜੀਵਨ ਵਾਲਾ ਹੋ ਜਾਂਦਾ ਹੈ –

*ਏਕਾ ਨਿਰਭਉ ਬਾਤ ਸੁਨੀ॥*
*ਸੋ ਸੁਖੀਆ ਸੋ ਸਦਾ ਸੁਹੇਲਾ॥*
*ਜੋ ਗੁਰ ਮਿਲਿ ਗਾਇ ਗੁਨੀ॥ ਅੰਗ – ੯੯੮*

ਐਸੇ ਮਨੁੱਖ ਨੂੰ ਸੁੱਖ ਦੀ ਅਨੁਭੂਤਿ ਆਪਣੇ ਅੰਦਰੋਂ ਹੀ ਹੁੰਦੀ ਹੈ। ਉਹ ਸੁਖ ਦੀ ਖੋਜ ਵਿੱਚ ਥਾਂ ਥਾਂ ਭਟਕਦਾ ਨਹੀਂ। ਉਸ ਨੂੰ ਕੋਈ ਦੁੱਖ ਪਰੇਸ਼ਾਨ ਨਹੀਂ ਕਰਦਾ। ਉਸਨੂੰ ਹਰ ਥਾਂ, ਹਰੇਕ ਮਨੁੱਖ ਵਿੱਚ ਇਕ ਪ੍ਰਭੂ ਦੀ ਜੋਤਿ ਦਿੱਸਦੀ ਹੈ। ਇਸ ਲਈ ਉਸਨੂੰ ਕੋਈ ਵੀ ਬੁਰਾ ਜਾਂ ਬੇਗਾਨਾ ਨਹੀਂ ਲੱਗਦਾ –

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥*
*ਅੰਗ – ੧੩੦੨*

ਅਤੇ –

*ਸਚੈ ਨਾਇ ਦੁਖੁ ਕਬਹੀ ਨਾਹੀ॥ ਅੰਗ – ੧੨੨*

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪਰਮਾਤਮਾ ਦੇ ਨਾਮ ਤੋਂ ਬਿਨਾਂ ਮਨੁੱਖੀ ਸਰੀਰ ਇਕ ਹਨ੍ਹੇਰੀ ਕੋਠੜੀ ਹੀ ਹੈ ਜਿਥੇ ਦੁੱਖਾਂ ਦਾ ਹਨ੍ਹੇਰਾ ਹੈ –

*ਅੰਧੀ ਕੋਠੀ ਤੇਰਾ ਨਾਮੁ ਨਾਹੀ॥ ਅੰਗ – ੩੫੪*

ਪਰਮਾਤਮਾ ਦਾ ਨਾਮ ਸਿਮਰਨ ਕਰਨ ਵਾਲੇ ਨੂੰ ਆਪਣੇ ਹਿਰਦੇ-ਘਰ ਵਿੱਚ ਆਨੰਦ ਪ੍ਰਤੀਤ ਹੁੰਦਾ ਹੈ ਤੇ ਦੁਨੀਆਂ ਦੇ ਨਾਲ ਵਰਤਣ-ਵਿਹਾਰ ਵਿੱਚ ਵੀ ਉਹੀ ਆਨੰਦ ਬਣਿਆ ਰਹਿੰਦਾ ਹੈ –

*ਘਰ ਮਹਿ ਸੁਖ ਬਾਹਰਿ ਫੁਨਿ ਸੁਖਾ॥*
*ਹਰਿ ਸਿਮਰਤ ਸਗਲ ਬਿਨਾਸੇ ਦੂਖਾ॥*
*ਸਗਲ ਸੁਖ ਜਾਂ ਤੂੰ ਚਿਤਿ ਆਂਵੈ॥*
*ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ॥ ਅੰਗ – ੩੮੫*

# ਸੁਖਮਨੀ-ਸੁਖ-ਮਨੀ

ਮਨ ਨੂੰ ਸਹਜ-ਸੁਖ ਬਖਸ਼ਣ ਵਾਲੀ 'ਸੁਖਮਨੀ' ਸੁੱਖਾਂ ਦੀ ਮਣੀ (ਰਤਨ) ਹੈ। ਇਸ ਸੁਖਮਨੀ ਅੰਦਰ ਨਾਮ-ਰਤਨ ਗੁੰਫਤ ਹੈ। ਤਾਹੀਓਂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਇਸ ਬਾਣੀ ਦੀ ਅਰੰਭਕ ਅਸ਼ਟਪਦੀ ਅੰਦਰ ਰਹਾਉ ਦੀਆਂ ਤੁਕਾਂ ਵਿਚ ਅੰਕਤ ਕੀਤਾ ਹੈ -

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥*
*ਭਗਤ ਜਨਾ ਕੈ ਮਨਿ ਬਿਸ੍ਰਾਮ॥*

ਭਾਵ, ਸੁਖਾਂ ਦੀ ਦਾਤੀ ਸੁਖਮਨੀ ਵਿਚ ਪ੍ਰਭੂ ਦਾ ਸੁਖਦਾਈ ਅੰਮ੍ਰਿਤ ਨਾਮ ਹੈ, ਜਿਸ ਦਾ ਨਿਵਾਸ ਭਗਤ ਜਨਾਂ ਦੇ ਹਿਰਦੇ ਵਿਚ ਹੁੰਦਾ ਹੈ।

ਸਮੱਗਰ ਗੁਰਬਾਣੀ ਵਿਚ ਉਪਰੋਕਰ ਭਾਵ ਦਾ ਸੰਕੇਤ ਥਾਂ ਥਾਂ ਮਿਲਦਾ ਹੈ ਕਿ ਸਤਿਗੁਰੂ ਪਾਤਸ਼ਾਹ ਦੀ ਉਚਾਰੀ ਹੋਈ ਬਾਣੀ ਦੇ ਅੰਦਰ ਨਾਮ ਸਮੋਇਆ ਹੋਇਆ ਹੈ, ਅਤੇ ਬਾਣੀ ਅਤੇ ਗੁਰੂ ਓਤਿ ਪੋਤਿ ਹਨ, ਬਾਣੀ ਅਤੇ ਗੁਰੂ ਵਿਚ ਕੋਈ ਭਿੰਨ-ਭੇਦ ਨਹੀਂ, ਬਾਣੀ ਵਿਚ ਗੁਰੂ ਸਮਾਇਆ ਹੋਇਆ ਹੈ ਅਤੇ ਗੁਰੂ ਵਿਚ ਬਾਣੀ। ਸਤਿ-ਗੁਰੂ ਉਹ ਹੈ ਜਿਸ ਦੇ ਹਿਰਦੇ ਵਿਚ ਸਦਾ ਨਾਮ ਦਾ ਨਿਵਾਸ ਹੈ, ਜੋ ਸਦਾ ਨਾਮ ਵਿਚ ਲੀਨ ਰਹਿੰਦਾ ਹੈ। ਸੁਖਮਨੀ ਵਿਚ ਗੁਰੂ ਪਾਤਸ਼ਾਹ ਫ਼ੁਰਮਾਂਦੇ ਹਨ -

*ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥*
*ਅਨਿਕ ਬਾਰ ਗੁਰ ਕਉ ਬਲਿ ਜਾਉ॥*
*ਸਰਬ ਨਿਧਾਨ ਜੀਅ ਕਾ ਦਾਤਾ॥*
*ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥*
*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥*
*ਏਕਹਿ ਆਪਿ ਨਹੀ ਕਛੁ ਭਰਮੁ॥੩॥੧੮॥*

ਸਤਿਗੁਰੂ ਅਤੇ ਵਾਹਿਗੁਰੂ ਜੀ ਇਕ-ਰੂਪ ਹਨ, ਇਸ ਵਿਚ ਕੋਈ ਭਰਮ-ਭੁਲੇਖਾ ਨਹੀਂ। ਸਪੱਸ਼ਟ ਹੈ ਕਿ ਜਦੋਂ ਸਤਿਗੁਰੂ ਦੇ ਹਿਰਦੇ ਵਿਚ 'ਨਾਮ' ਦਾ ਵਾਸਾ ਹੈ ਤਾਂ ਉਨ੍ਹਾਂ ਦੀ ਬਾਣੀ ਵਿਚ ਵੀ 'ਨਾਮ' ਪ੍ਰੋਤਾ ਹੋਇਆ ਹੈ। ਇਸ ਸਾਰੀ ਵੀਚਾਰ ਨੂੰ ਗੁਰੂ ਰਾਮਦਾਸ ਜੀ ਸਪੱਸ਼ਟ ਕਰਦੇ ਹਨ-

*ਬਾਣੀ ਗੁਰੂ, ਗੁਰੂ ਹੈ ਬਾਣੀ,*
*ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਅੰਗ - ੯੮੩*

'ਬਾਣੀ' ਗੁਰੂ ਰੂਪ ਹੈ ਅਤੇ 'ਗੁਰੂ' ਬਾਣੀ ਰੂਪ ਹੈ, ਫਿਰ ਇਸ ਬਾਣੀ ਵਿਚ 'ਨਾਮ-ਅੰਮ੍ਰਿਤ' ਪਸਰਿਆ ਹੋਇਆ ਹੈ, ਥਾਣੀ ਵਿਚ ਸਾਰੇ ਨਾਮ ਹੀ ਨਾਮ ਹੈ। ਸਵਾਲ ਉਠਦਾ ਹੈ ਕਿ ਜਦੋਂ ਬਾਣੀ ਰੂਪ ਥਾਲ ਵਿਚ ਨਾਮ-ਪਦਾਰਥ ਪਰੋਸਿਆ ਹੋਇਆ ਹੈ ਤਾਂ ਫਿਰ ਬਾਣੀ ਪੜ੍ਹਨ ਸੁਣਨ ਵਾਲਾ ਹਰੇਕ ਪ੍ਰਾਣੀ ਇਸ ਨਾਮ ਨੂੰ ਕਿਉਂ ਨਹੀਂ ਅਨੁਭਵ ਕਰਦਾ ਤੇ ਨਾਮ-ਰਸ ਨੂੰ ਭੁੰਚਦਾ। ਦਰਅਸਲ ਗੁਰਬਾਣੀ ਤਾਂ ਰਤਨ-ਪਦਾਰਥਾਂ ਨਾਲ ਭਰਪੂਰ ਹੈ, ਪਰ ਜੋ ਬਾਣੀ ਵਿਚ, ਗੁਰਬਾਣੀ ਵਿਚ ਹਿਤੋਂ ਚਿਤੋਂ ਲਗਦੇ ਹਨ, ਜੋ ਬਾਣੀ ਨੂੰ ਮਨ ਵਿਚ ਵਸਾਂਦੇ ਹਨ, ਉਨ੍ਹਾਂ ਨੂੰ ਨਾਮ ਨਿਰਮੋਲਕ ਰਤਨ ਪ੍ਰਾਪਤ ਹੁੰਦਾ ਹੈ। ਗੁਰਵਾਕ -

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥*
*ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ, ਨਿਰਮੋਲਕੁ ਰਤਨੁ ਅਪਾਰਾ॥*
*ਹਰਿ ਹਰਿ ਨਾਮੁ ਅਮੋਲਕੁ ਪਾਇਆ, ਤੇਰੀ ਭਗਤਿ ਭਰੇ ਭੰਡਾਰਾ॥੪॥੧॥੮॥ ਅੰਗ - ੪੪੨*

*ਹਉ ਵਾਰੀ ਜੀਉ ਵਾਰੀ ਅੰਮ੍ਰਿਤੁ ਬਾਣੀ ਮੰਨਿ ਵਸਾਵਣਿਆ॥*
*ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤ ਨਾਮੁ ਧਿਆਵਣਿਆ॥ਰਹਾਉ॥ ਅੰਗ - ੭੯੭-੯੮*

ਸੋ ਲੋੜ ਇਸ ਗੱਲ ਦੀ ਹੈ ਕਿ ਬਾਣੀ ਦੇ ਅੰਦਰਲੇ ਬਾਹਰਲੇ ਸਮੁੱਚੇ ਸਰੂਪ ਨਾਲ ਆਪਣੇ ਆਪੇ ਨੂੰ ਇਕ-ਸੁਰ ਕਰੀਏ। ਗੁਰਬਾਣੀ ਦੇ ਅੱਖਰਾਂ ਨੂੰ ਉਪਰੋਂ ਦਿਲੋਂ ਨਾ ਪੜ੍ਹ ਜਾਈਏ, ਸਗੋਂ ਬਾਣੀ ਅੰਦਰ ਵਸਦੇ ਅੰਮ੍ਰਿਤ ਰਸ ਨੂੰ ਭੁੰਚਣ ਲਈ ਆਪਣੀ ਸੁਰਤੀ ਨੂੰ ਬਾਣੀ ਨਾਲ ਜੋੜ ਦੇਈਏ। ਅਜਿਹਾ

ਕਰਨ ਨਾਲ ਹੀ ਪ੍ਰਾਣੀ ਦੇ ਅੰਦਰ ਨਾਮ ਦਾ ਇਕ-ਰਸ ਤੋਰਾ ਤੁਰ ਸਕੇਗਾ। ਫ਼ੁਰਮਾਨ ਹੈ -

*ਇਹ ਬਾਣੀ ਜੋ ਜੀਅਹੁ ਜਾਣੈ, ਤਿਸੁ ਅੰਤਰਿ ਰਵੈ ਹਰਿ ਨਾਮਾ॥ਰਹਾਉ॥ ਅੰਗ - ੯੯੭-੯੮*

ਬਾਣੀ ਨੇ ਹੀ ਪ੍ਰਾਣੀ ਨੂੰ ਨਾਮ ਨਾਲ ਜੋੜਨਾ ਹੈ, ਬਾਣੀ ਨੇ ਨਾਮ ਦਾ ਅੰਮ੍ਰਿਤ-ਰਸ ਬਖਸ਼ਣਾ ਹੈ। ਸਤਿਗੁਰੂ ਜੀ ਸਪੱਸ਼ਟ ਕਰਦੇ ਹਨ -

*ਗੁਰਬਾਣੀ ਵਰਤੀ ਜਗ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ ਅੰਗ - ੧੦੬੯*

ਅਤੇ -

*ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥੩੫॥੩॥ ਅੰਗ - ੯੬੨-੬੩*

ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਵਿਚ, ਸਮੁੱਚੀ ਗੁਰਬਾਣੀ ਦੇ ਉਪਰੋਕਤ ਮਹਾਨ ਤੱਥ ਦਾ ਤੱਤਸਾਰ ਬੜੇ ਸਰਲ ਤੇ ਸੁਖੈਨ ਰੂਪ ਵਿਚ ਉਜਾਗਰ ਕੀਤਾ ਹੈ ਅਤੇ ਇਸ ਸੁਖਮਨੀ ਦੇ ਅਰੰਭ ਵਿਚ ਸੰਕੇਤ ਦੇ ਦਿਤਾ ਹੈ ਕਿ ਇਸ ਸੁਖਮਨੀ ਵਿਚ ਸੁਖ ਦੇਣ ਵਾਲਾ ਪ੍ਰਭੂ ਦਾ ਨਾਮ-ਅੰਮ੍ਰਿਤ ਭਰਪੂਰ ਹੈ, ਪਰ ਇਸ ਨਾਮ ਦਾ ਟਿਕਾਣਾ ਭਗਤ ਜਨਾਂ ਦੇ ਹਿਰਦੇ ਵਿਚ ਹੀ ਹੁੰਦਾ ਹੈ। ਜੋ ਮਨ ਦੀ ਪ੍ਰੀਤ ਕਰਕੇ, ਹਿਰਦੇ ਕਰਕੇ, ਆਤਮਾ ਕਰਕੇ ਸ਼ਖਮਨੀ ਨਾਲ ਰਸ-ਲੀਨ ਹੁੰਦੇ ਹਨ, ਉਨ੍ਹਾਂ ਨੂੰ ਹੀ 'ਸੁਖਮਨੀ' ਨਾਮ-ਰਸ ਨਾਲ ਜੋੜਦੀ ਹੈ। ਆਖ਼ਰੀ ਅਸ਼ਟਪਦੀ ਵਿਚ ਸਤਿਗੁਰੂ ਜੀ ਨੇ ਸਪੱਸ਼ਟ ਹੀ ਕਰ ਦਿਤਾ ਹੈ -

*ਸੁਖਮਨੀ ਸਹਜ ਗੋਬਿੰਦ ਗੁਨ ਨਾਮ॥*
*ਜਿਸੁ ਮਨਿ ਬਸੈ ਸੁ ਹੋਤ ਨਿਧਾਨ॥*

ਅਤੇ -

*ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*

ਜੋ ਪ੍ਰਾਣੀ ਸੁਖਮਨੀ ਦੇ ਅੰਮ੍ਰਿਤ ਰਸ ਨੂੰ ਹਿਰਦੇ ਅੰਦਰ ਵਸਾਉਂਦਾ ਹੈ ਅਤੇ ਪੂਰਨ ਸ਼ਰਧਾ ਪ੍ਰੀਤੀ ਨਾਲ ਹਿਤੋਂ ਚਿਤੋਂ ਇਕ ਇਕ ਅੱਖਰ ਨੂੰ ਸੁਣਦਾ ਹੈ, ਉਸ ਦੇ ਚਿਤ ਵਿਚ ਨਾਮ ਆ ਵਸਦਾ ਹੈ। ਚੂੰਕਿ ਸੁਖਮਨੀ ਸਾਹਿਬ ਦੀ ਸਮੁੱਚੀ ਬਾਣੀ ਵਿਚ ਨਾਮੀ-ਵਾਹਿਗੁਰੂ, ਨਾਮ ਦੇ ਦਾਤੇ ਸਤਿਗੁਰੂ, ਨਾਮ ਜਪਣਹਾਰਿਆਂ ਅਤੇ ਨਾਮ ਦੀ ਹੀ ਗਾਥਾ ਹੈ, ਇਸੇ ਕਰਕੇ, ਇਸੇ ਨਾਮ ਦੇ ਗੁਣ ਕਰਕੇ, ਇਹ ਮਨ ਨੂੰ ਸੁੱਖ ਦੇਣ ਵਾਲੀ ਸੁਖਾਂ ਦੀ ਮਣੀ (ਨਾਮ-ਰਤਨ) 'ਸੁਖਮਨੀ' ਹੈ। ਸਤਿਗੁਰੂ ਜੀ ਸੁਖਮਨੀ ਸਾਹਿਬ ਦੀ ਆਖ਼ਰੀ ਤੁਕ ਵਿਚ ਇਸ ਤੱਥ ਦੀ ਪੁਸ਼ਟੀ ਕਰਦੇ ਹਨ -

*ਨਾਨਕ ਇਹ ਗੁਣਿ ਨਾਮ ਸੁਖਮਨੀ॥*

ਸੁਖਮਨੀ ਵਿਚ ਬਾਰ ਬਾਰ ਨਾਮ ਜਪਣ ਅਤੇ ਇਕ-ਮਨ ਇਕ-ਚਿੱਤ ਹੋ ਕੇ ਜਪਣ ਦੇ ਤਾਕੀਦੀ ਹੁਕਮ ਹਨ। ਇਸ ਸੰਬੰਧੀ ਇਸੇ ਬਾਣੀ ਵਿਚੋਂ ਕੁਝ ਸੇਧਾਂ ਮਿਲਦੀਆਂ ਹਨ, ਜੋ ਇਸ ਪ੍ਰਕਾਰ ਹਨ -

*(ੳ) ਜਪਿ ਜਨ ਸਦਾ ਸਦਾ ਦਿਨੁ ਰੈਣੀ॥੭॥੧੪॥*
*(ਅ) ਸਾਵਧਾਨ ਏਕਾਗਰ ਚੀਤ॥੫॥੨੪॥ (੬੬੯)*
*(ੲ) ਆਪਿ ਨਿਵਾਰਿ ਤਲੈ॥ (ਸਲੋਕ-੧੨)*
*(ਸ) ਠਾਕੁਰ ਕਾ ਸੇਵਕੁ ਆਗਿਆਕਾਰੀ॥੩॥੧੭॥*
*(ਹ) ਆਪਿ ਜਪਾਏ ਜਪੈ ਸੋ ਨਾਉ॥੮॥੬॥*
*(ਕ) ਤੂ ਠਾਕੁਰੁ ਤੁਮ ਪਹਿ ਅਰਦਾਸਿ॥੮॥੪॥*
*(ਖ) ਸਭੁ ਕਛੁ ਜਾਨੈ ਆਤਮ ਕੀ ਰਹਤ॥੮॥੫॥*

**(ੳ) ਜਪਿ ਜਨ ਸਦਾ ਸਦਾ ਦਿਨੁ ਰੈਣੀ-**

ਮਾਇਆ-ਵੇੜ੍ਹੇ ਭੁਲੜ ਜੀਵ ਨੂੰ ਬਾਰ ਬਾਰ ਤਾੜਨਾ ਕੀਤੀ ਹੈ ਕਿ ਇਹ ਸਾਕ ਸੰਬੰਧੀ ਸਾਥ ਦੇਣ ਵਾਲੇ ਨਹੀਂ, ਇਹ ਮਾਇਕ ਪਦਾਰਥ ਕਿਸੇ ਲੇਖੇ ਨਹੀਂ, ਸਭ ਮੋਹ ਮਾਇਆ ਮਿਥਿਆ ਹੈ ਅਤੇ ਇਨ੍ਹਾਂ ਵਿਚੋਂ ਕੋਈ ਵੀ ਅੰਤ ਵੇਲੇ ਸਹਾਈ ਨਹੀਂ। ਜੇ ਅੰਤ ਵੇਲੇ ਸਹਾਇਤਾ ਕਰਨ ਵਾਲਾ ਕੋਈ ਪਦਾਰਥ ਹੈ ਤਾਂ ਉਹ ਕੇਵਲ ਨਾਮ ਪਦਾਰਥ ਹੈ, ਇਸ ਲਈ ਉਸੇ ਧਨ ਨੂੰ ਇਕੱਠਾ ਕਰਨ ਦੀ ਲੋੜ ਹੈ। ਜਿਹਾ ਕਿ -

*ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥*
*ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥*
*ਅੰਗ - ੧੨*

ਇਸ ਬਿਖਿਆ ਧਨ ਦੇ ਇਕੱਠੇ ਕਰਨ ਵਿਚ ਕਿਤੇ ਵੀ ਤ੍ਰਿਪਤੀ ਨਹੀਂ, ਤ੍ਰਿਸ਼ਨਾ ਹੋਰ ਹੋਰ ਵਧਦੀ ਹੀ ਜਾਂਦੀ ਹੈ; ਜੇ ਤ੍ਰਿਪਤੀ, ਸੰਤੋਖ ਤੇ ਸੁਖ-ਸ਼ਾਂਤੀ ਹੈ ਤਾਂ ਉਹ ਕੇਵਲ ਨਾਮ-ਧਨ ਵਿਹਾਝਣ ਵਿਚ ਹੈ। ਸੁਖਮਨੀ ਵਿਚ ਫੁਰਮਾਨ ਹੈ -

*ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥*
*ਹਰਿ ਕਾ ਨਾਮੁ ਜਪਤ ਆਘਾਵੈ॥੪॥੧੨॥*

ਹੋਰ ਜਪ ਤਪ, ਪੁੰਨ ਦਾਨ, ਤੀਰਥ ਬਰਤ, ਜੰਗ ਸਾਧਨ ਆਦਿਕ ਕਰਮ ਧਰਮ ਵੀ ਹਉਮੈ ਦੀ ਮੈਲ ਹੀ ਵਧਾਉਂਦੇ ਹਨ ਅਤੇ ਇਨ੍ਹਾਂ ਕਰਮਾਂ ਧਰਮਾਂ ਕਰਕੇ ਜੀਵ ਦਾ

ਛੁਟਕਾਰਾ ਨਹੀਂ ਹੋ ਪਾਉਂਦਾ ਹੈ, ਤੇ ਨਾ ਹੀ ਦੁਖਾਂ ਤੋਂ ਖਲਾਸੀ ਮਿਲ ਸਕਦੀ ਹੈ, ਸਗੋਂ ਸੁਖ-ਸ਼ਾਂਤੀ ਦਾ ਸੋਮਾ ਕੇਵਲ ਨਾਮ ਹੈ -

*ਅਵਰ ਕਰਤੂਤਿ ਸਗਲੀ ਜਮੁ ਡਾਨੈ॥*
*ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ॥*
*ਹਰਿ ਕਾ ਨਾਮੁ ਜਪਤ ਦੁਖੁ ਜਾਇ॥*
*ਨਾਨਕ ਬੋਲੈ ਸਹਜਿ ਸੁਭਾਇ॥੪॥੩॥*

ਸੋ, ਪ੍ਰਾਣੀ ਨੂੰ ਸਤਿਗੁਰੂ ਜੀ ਉਪਦੇਸ਼ ਦੇਂਦੇ ਹਨ-

*ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥*
*ਸਲੋਕ-੪*

ਜਿਸ ਪ੍ਰਭੂ ਦੇ ਨਾਮ ਨੇ ਸਦਾ ਨਾਲ ਨਿਭਣਾ ਹੈ, ਉਸ ਬਾਰੇ ਸੁਖਮਨੀ ਵਿਚ ਥਾਂ-ਪੁਰ-ਥਾਂ ਤਾਕੀਦ ਮਿਲਦੀ ਹੈ ਕਿ ਉਠਦਿਆਂ ਬਹਿੰਦਿਆਂ, ਸਾਸ ਗ੍ਰਾਸ ਨਾਲ, ਸਵਾਸਾਂ ਦੇ ਬਾਹਰ ਆਉਂਦਿਆਂ ਤੇ ਅੰਦਰ ਜਾਂਦਿਆਂ ਹੋਇਆਂ, ਹਰ ਵੇਲੇ ਹੀ ਪ੍ਰਭੂ ਦੇ ਨਾਮ ਨੂੰ ਸਿਮਰਨਾ ਹੈ। ਜਿਹਾ ਕਿ ਕਈ ਫ਼ੁਰਮਾਨ ਹਨ -

*ਬਾਰੰ ਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥੬॥੧੭॥*

*ਊਠਤ ਬੈਠਤ ਸੋਵਤ ਨਾਮ॥*
*ਕਹੁ ਨਾਨਕ ਜਨ ਕੈ ਸਦ ਕਾਮ॥੬॥੧੭॥*

*ਸਦਾ ਸਦਾ ਨਾਨਕ ਹਰਿ ਜਾਪਿ॥੧॥੧੨॥*

*ਰੇ ਮਨ ਮੇਰੇ ਸਦਾ ਹਰਿ ਜਾਪਿ॥੧॥੧੫॥*

*ਜਪਿ ਜਨ ਸਦਾ ਸਦਾ ਦਿਨੁ ਰੈਣੀ॥*
*ਸਭ ਤੇ ਊਚ ਨਿਰਮਲ ਇਹ ਕਰਣੀ॥੭॥੧੫॥*

*ਸਿਮਰਿ ਸਿਮਰਿ ਨਾਮੁ ਬਾਰੰ ਬਾਰ॥*
*ਨਾਨਕ ਜੀਅ ਕਾ ਇਹੈ ਅਧਾਰ॥੨॥੨੪॥*

*ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥*
*ਨਾਨਕ ਬਿਘਨੁ ਨ ਲਾਗੈ ਕੋਇ॥੧॥੧੪॥*

*ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥*
*ਆਪਿ ਜਪਹੁ ਅਵਰਹ ਨਾਮੁ ਜਪਾਵਹੁ॥੫॥੨੦॥*

*ਸਾਸਿ ਸਾਸਿ ਸਿਮਰਹੁ ਗੋਬਿੰਦ॥*
*ਮਨ ਅੰਤਰ ਕੀ ਉਤਰੈ ਚਿੰਦ॥੧॥੨੪॥*

*ਸਾਸਿ ਗਾਸਿ ਹਰਿ ਨਾਮੁ ਸਮਾਲਿ॥੭॥੧੯॥*

*ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ॥*
*ਤਿਸਹਿ ਧਿਆਵਹੁ ਸਾਸਿ ਗਿਰਾਸਿ॥੮॥੧੩॥*

*ਇਉ ਰਤਨ ਜਨਮ ਕਾ ਹੋਇ ਉਧਾਰੁ॥*
*ਹਰਿ ਹਰਿ ਸਿਮਰਿ ਪ੍ਰਾਨ ਆਧਾਰੁ॥੪॥੧੯॥*

ਜਿਹੜਾ ਹਰੀ-ਪ੍ਰਭੂ ਪ੍ਰਾਣਾਂ ਦਾ ਅਧਾਰ ਹੈ, ਜਿਸ ਨੂੰ ਸਾਸ ਗਿਰਾਸ ਧਿਆਉਣਾ ਹੈ, ਜਿਸ ਨੂੰ ਦਿਨ ਰਾਤ ਸਦਾ ਸਦਾ ਤੇ ਬਾਰ ਬਾਰ ਜਪੀ ਹੀ ਜਾਣਾ ਹੈ, ਉਸ ਦਾ ਸਿਮਰਨ ਕੇਵਲ ਚਿੰਤਨ ਮਾਤਰ ਨਹੀਂ, ਕੇਵਲ ਚੇਤੇ ਰਖਣ ਮਾਤਰ ਨਹੀਂ, ਕੇਵਲ ਧਿਆਨ ਮਾਤਰ ਹੀ ਨਹੀਂ, ਸਗੋਂ ਇਹ ਸਿਮਰਨ ਸਾਸ ਗਿਰਾਸ, ਆਉਂਦੇ ਜਾਂਦੇ ਸੁਆਸਾਂ ਨਾਲ, ਜੀਭ ਨਾਲ, ਮਨ ਨਾਲ, ਤਨ ਨਾਲ ਇਕ ਰਸ ਜਪਣਾ ਹੈ। ਇਸ ਤੱਥ ਨੂੰ ਸੁਖਮਨੀ ਸਪੱਸ਼ਟ ਕਰਦੀ ਹੈ -

*ਬੋਲਹੁ ਜਸੁ ਜਿਹਬਾ ਦਿਨੁ ਰਾਤਿ॥*
*ਪ੍ਰਭਿ ਅਪਨੈ ਜਨ ਕੀਨੀ ਦਾਤਿ॥੭॥੧੭॥*

*ਨਿਰਮਲ ਰਸਨਾ ਅੰਮ੍ਰਿਤੁ ਪੀਉ॥*
*ਸਦਾ ਸੁਹੇਲਾ ਕਰਿ ਲੇਹਿ ਜੀਉ॥੨॥੧੪॥*

*ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ॥*
*ਸਦਾ ਸਦਾ ਜਾਨਹੁ ਤੇ ਸੁਖੀ॥੩॥੧੪॥*

*ਤਿਸ ਕਾ ਹੁਕਮੁ ਬੂਝਿ ਸੁਖੁ ਹੋਇ॥*
*ਤਿਸ ਕਾ ਨਾਮੁ ਰਖੁ ਕੰਠਿ ਪਰੋਇ॥੧॥੧੪॥*

ਨਾਮ ਨੂੰ ਕੰਠ ਵਿਚ, ਗਲੇ ਵਿਚ ਪ੍ਰੋਣ ਦਾ ਭਾਵ ਹੈ, ਮੂੰਹ ਨਾਲ ਲਗਾਤਾਰੀ ਸਿਮਰਨ ਕਰਨਾ। ਜਿਥੇ ਜੀਭ ਨੂੰ ਦਿਨ ਰਾਤ ਬੋਲਣ ਦੀ, ਜਪਣ ਦੀ ਹਦਾਇਤ ਹੈ, ਜਿਥੇ ਜੀਭ ਨੂੰ ਨਾਮ-ਅੰਮ੍ਰਿਤ-ਰਸ ਪੀਣ ਦੀ ਪ੍ਰੇਰਨਾ ਹੈ, ਉਥੇ ਜੀਭ ਨਾਲ ਲਗਾਤਾਰੀ ਰਟਨ ਕਰਨ ਦੀ ਗੱਲ ਹੈ। ਜੀਭ ਨਾਲ ਬੋਲੀਦਾ ਹੈ, ਕੋਈ ਗੱਲ ਕਹੀਦੀ ਹੈ, ਜੀਭ ਨਾਲ ਧਿਆਨ ਨਹੀਂ ਧਰੀਦਾ। ਜਿਥੇ ਹਰੀ ਪ੍ਰਭੂ ਦੇ ਨਾਮ ਨੂੰ ਮਨ, ਤਨ ਤੇ ਮੂੰਹ ਦੁਆਰਾ ਬੋਲਣ ਦਾ ਹੁਕਮ ਹੈ, ਉਥੇ ਮੂੰਹ ਦੁਆਰਾ ਬੋਲਿਆ ਹੀ ਜਾ ਸਕਦਾ ਹੈ, ਚਿੰਤਨ ਨਹੀਂ ਕੀਤਾ ਜਾ ਸਕਦਾ।

### (ਅ) ਸਾਵਧਾਨ ਏਕਾਗਰ ਚੀਤ-

ਸੋ ਨਾਮ ਜਪਣ ਲਈ ਇਸ ਹੁਕਮ ਦੇ ਪਾਲਨਾ ਕਰਨ ਦੀ ਹਦਾਇਤ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥੫॥੨੪॥*

ਅੰਮ੍ਰਿਤ ਵੇਲੇ ਇਕਾਗਰ ਚਿਤ ਨਾਲ, ਪੂਰੀ ਸਾਵਧਾਨੀ ਨਾਲ, ਤਨ ਮਨ ਨਾਲ, ਸਾਸ ਗਿਰਾਸ ਨਾਮ ਜਪਣ ਨਾਲ, ਹਿਰਦੇ ਅੰਦਰ ਨਾਮ ਦਾ ਲਗਾਤਾਰੀ ਤੋਰਾ ਤੁਰਿਆ ਰਹਿੰਦਾ ਹੈ, ਹਿਰਦੇ ਵਿਚ ਘੜੀ ਦੇ ਪੈਂਡੂਲਮ ਵਾਂਗ ਨਾਮ ਦੀ ਰਸ-ਗੁੱਧੀ ਟਿਕ-ਟਿਕ ਆਟੋਮੈਟਿਕ ਜਾਰੀ ਰਹਿੰਦੀ ਹੈ, ਕਾਰ ਵਿਹਾਰ ਕਰਦਿਆਂ ਇਹ ਲਗਾਤਾਰੀ ਨਾਮ ਅੰਤਰ-ਆਤਮੇ ਜਾਰੀ ਰਹਿੰਦਾ ਹੈ। ਇਹ ਨਾਮ-ਸਿਮਰਨ ਸਹਸ ਸਿਆਣਪਾਂ ਅਤੇ ਦਿਮਾਗੀ ਫ਼ਿਲਾਸਫ਼ੀਆਂ ਦਾ ਵਿਸ਼ਾ ਨਹੀਂ। 'ਬਹੁਤ ਸਿਆਣਪ ਜਮ ਕਾ ਭਉ ਬਿਆਪੈ॥੪॥੩॥ ਵਾਲੀ ਗੱਲ ਹੈ। ਪੰਚਮ ਪਾਤਸ਼ਾਹ ਪ੍ਰਾਣੀ ਨੂੰ ਸੁਮੱਤ ਦ੍ਰਿੜਾਉਂਦੇ ਹਨ -

*ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥ ਸਲੋਕ - ੧੪)*

ਸਹਸ ਸਿਆਣਪਾਂ ਦੀ ਥਾਂ ਮਨ ਕਰਕੇ, ਤਨ ਕਰਕੇ ਅਤੇ ਲਿਵ ਜੋੜ ਕੇ ਪੂਰਨ ਭਰੋਸੇ ਅਤੇ ਆਤਮ-ਵਿਗਾਸ ਵਿਚ ਨਾਮ ਜਪਣਾ ਹੈ -

*ਮਨਿ ਤਨਿ ਨਾਮੁ ਜਪਹੁ ਲਿਵ ਲਾਇ॥੬॥੨੨॥*

*ਹਰਿ ਕੀ ਭਗਤਿ ਕਰਹੁ ਮਨੁ ਲਾਇ॥੪॥੧੯॥*

*ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ॥*
*ਕਰਨਹਾਰੁ ਨਾਨਕ ਇਕੁ ਜਾਨਿਆ॥੩॥੨੨॥*

*ਜਾ ਕੇ ਰਿਦੈ ਬਿਸ੍ਵਾਸੁ ਪ੍ਰਭੁ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥੨॥੧੭॥*

*ਕਰਹਿ ਭਗਤਿ ਆਤਮ ਕੈ ਚਾਇ॥*
*ਪ੍ਰਭ ਅਪਨੇ ਸਿਉ ਰਹਹਿ ਸਮਾਇ॥੭॥੧੭॥*

ਉਤਸ਼ਾਹ, ਚਾਉ ਉਮਾਉ ਅਤੇ ਆਤਮ-ਰੰਗਾਂ ਵਿਚ, ਹੋਰ ਸਭ ਆਸਾਂ ਛਡ ਕੇ ਪਾਰਬ੍ਰਹਮ ਪ੍ਰਭੂ ਨੂੰ ਹਿਰਦਿਓਂ ਸਤਿ ਸਰੂਪ ਪਛਾਣ ਕੇ ਧਿਆਉਣਾ ਹੈ -

*ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥*
*ਨਾਨਕ ਸੋ ਜਨੁ ਸਚਿ ਸਮਾਤਾ॥੮॥੧੫॥*

*ਸਤਿ ਸਰੂਪੁ ਰਿਦੈ ਜਿਨਿ ਮਾਨਿਆ॥*
*ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥੨॥੧੭॥*

*ਪਰੇ ਸਰਨਿ ਆਨਿ ਸਭ ਤਿਆਗਿ॥*
*ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ॥੨॥੨੦॥*

**(ੲ) ਆਪੁ ਨਿਵਾਰਿ ਤਲੇ -**

ਜਿਥੇ ਮਨ ਤਨ ਕਰਕੇ ਪੂਰਨ ਵਿਸ਼ਵਾਸ ਨਾਲ ਨਾਮ ਜਪਣਾ ਹੈ ਉਥੇ ਨਾਲ ਹੀ ਆਪਾ ਭਾਵ ਤਿਆਗਣਾ ਵੀ ਜ਼ਰੂਰੀ ਹੈ। ਜੁਆਨੀ ਦਾ ਹੰਕਾਰ, ਰਾਜ ਅਭਿਮਾਨ, ਧਨ ਭੂਮੀ ਦਾ ਗੁਮਾਨ, ਲਸ਼ਕਰਾਂ ਤੇ ਮਨੁਖੀ ਬਾਹਵਾਂ ਦਾ ਘੁਮੰਡ ਸਭ ਫ਼ਜ਼ੂਲ ਹਨ ਅਤੇ ਕਈ ਤਰ੍ਹਾਂ ਦੇ ਕਰਮਾਂ ਧਰਮਾਂ ਤੇ ਤਪ-ਸਾਧਨਾਂ ਦਾ ਮਾਣ ਵੀ ਕਿਸੇ ਲੇਖੇ ਨਹੀਂ। ਇਹ ਫੁਰਨਾ ਵੀ ਸੂਖਮ ਹਉਮੈ ਹੈ ਕਿ ਮੈਂ ਰੋਜ਼ ਸਵੇਰੇ ਨਾਮ ਜਪਦਾ ਹਾਂ। ਹਉਮੈ ਵਿਚ ਗਾਇਆ ਕਿਸੇ ਲੇਖੇ ਨਹੀਂ।

*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥੨॥੧੮॥*

*ਜਾ ਕਾ ਮਨੁ ਹੋਇ ਸਗਲ ਕੀ ਰੀਨਾ॥*
*ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥੬॥੩॥*

*ਆਪੁ ਛੋਡਿ ਬੇਨਤੀ ਕਰਹੁ॥*
*ਸਾਧ ਸੰਗਿ ਅਗਨਿ ਸਾਗਰੁ ਤਰਹੁ॥੧॥੨੪॥*

**(ਸ) ਠਾਕੁਰ ਕਾ ਸੇਵਕੁ ਆਗਿਆਕਾਰੀ -**

ਨਾਮ ਜਪਣ ਵਾਲਾ ਪ੍ਰਭੂ ਦੀ ਆਗਿਆ ਵਿਚ, ਪ੍ਰਭੂ ਦੇ ਹੁਕਮ ਵਿਚ, ਪ੍ਰਭੂ ਦੀ ਰਜ਼ਾ ਵਿਚ, ਸਦਾ ਸ਼ੁਕਰ ਵਿਚ ਰਹਿੰਦਾ ਹੈ। ਜੋ ਦਾਤਾਂ ਪ੍ਰਭੂ ਬਖਸ਼ਦਾ ਹੈ, ਉਹਨਾਂ ਨੂੰ ਸ਼ੁਕਰ ਸ਼ੁਕਰ ਕਰ ਕੇ ਵਰਤਦਾ ਹੈ। ਪ੍ਰਭੂ ਦਾ ਸੇਵਕ ਉਸ ਦੀਆਂ ਦਾਤਾਂ-ਛੱਤੀ ਪ੍ਰਕਾਰ ਦੇ ਭੋਜਨ, ਪਾਟ-ਪਟੰਬਰ, ਮਹਿਲ ਮਾੜੀਆਂ, ਹਾਥੀ ਘੋੜੇ, ਬਾਗ ਮਿਲਖ ਆਦਿਕ ਧਨ ਪਦਾਰਥ-ਪ੍ਰਾਪਤ ਕਰ ਕੇ ਸ਼ੁਕਰ ਵਿਚ, ਉਸ ਦੀ ਸਿਫ਼ਤ ਸਲਾਹ ਵਿਚ, ਜੁੜਦਾ ਹੈ। ਸੇਵਕ ਇਸ ਲਈ ਵੀ ਧੰਨਵਾਦ ਕਰਦਾ ਹੈ ਕਿ ਪ੍ਰਭੂ ਨੇ ਉਸ ਨੂੰ ਅੱਖਾਂ, ਨੱਕ, ਕੰਨ, ਜੀਭ, ਹੱਥ-ਪੈਰ ਆਦਿ ਅਮੋਲਕ ਅੰਗਾਂ ਨਾਲ ਸ਼ਿੰਗਾਰੀ ਹੋਈ ਕੰਚਨ ਦੇਹੀ ਬਖਸ਼ੀ ਹੈ। ਦੁਖ ਸੁਖ ਵਿਚ ਸਮਾਨ ਰਹਿੰਦਾ ਹੈ। ਪ੍ਰਭੂ ਜੇ ਕੋਈ ਦਾਤ ਵਾਪਸ ਲੈ ਲੈਂਦਾ ਹੈ ਤਾਂ ਵੀ ਉਸ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਸ਼ੁਕਰ ਹੀ ਗੁਜ਼ਾਰਦਾ ਹੈ। ਕਿਸੇ ਦਾਤ ਦੇ ਵਿਛੜਨ ਨਾਲ ਦੁਖੀ ਨਹੀਂ ਹੁੰਦਾ, ਰੋਂਦਾ ਨਹੀਂ ਅਤੇ ਨਾ ਹੀ ਪ੍ਰਭੂ ਪਾਸ ਕੋਈ ਗਿਲਾ-ਗੁਜ਼ਾਰੀ ਕਰਦਾ ਹੈ। ਸਗੋਂ

*ਤਿਸੁ ਕਾ ਹੁਕਮੁ ਬੂਝਿ ਸੁਖੁ ਹੋਇ॥*
*ਤਿਸ ਕਾ ਨਾਮ ਰਖੁ ਕੰਠਿ ਪਰੋਇ॥੧॥੧੪॥*

*ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ॥*
*ਸਦਾ ਸਦਾ ਬਸੈ ਹਰਿ ਸੰਗਿ॥*

*ਸਹਜ ਸੁਭਾਇ ਹੋਵੈ ਸੁ ਹੋਇ॥*
*ਕਰਣੈਹਾਰੁ ਪਛਾਣੈ ਸੋਇ॥*

*ਪ੍ਰਭ ਕਾ ਕੀਆ ਜਨ ਮੀਠ ਲਗਾਨਾ॥*

*ਜੈਸਾ ਸਾ ਤੈਸਾ ਦ੍ਰਿਸਟਾਨਾ॥੮॥੧੪॥*

ਪ੍ਰਭੂ ਦਾ ਸੇਵਕ ਹੁਕਮੀ ਬੰਦਾ ਹੁੰਦਾ ਹੈ ਅਤੇ ਉਹ ਸਦਾ ਆਪਣੇ ਠਾਕੁਰ-ਪ੍ਰਭੂ ਨੂੰ ਅੰਗ ਸੰਗ ਤੇ ਹਾਜ਼ਰ ਨਾਜ਼ਰ, ਕਰਨ ਕਰਾਵਨਹਾਰ ਸਮਝਦਾ ਹੋਇਆ, ਉਸ ਦੇ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ। ਸੇਵਕ ਦਾ ਕੰਮ ਹੈ :

*ਸੇਵਕ ਕਉ ਸੇਵਾ ਬਨਿ ਆਈ॥*
*ਹੁਕਮੁ ਬੂਝਿ ਪਰਮ ਪਦੁ ਪਾਈ॥੪॥੨੨॥*

**(ਹ) ਆਪਿ ਜਪਾਏ ਜਪੈ ਸੋ ਨਾਉ –**

ਹੁਕਮੀ ਬੰਦਾ ਹੋ ਕੇ, ਗਰੀਬੀ ਭਾਵ ਵਿਚ, ਇਕਾਗਰ-ਚਿੱਤ ਹੋ ਕੇ, ਅਮੂਰਤ ਪ੍ਰਭੂ ਦੀ ਮੂਰਤ ਦਾ ਹਿਰਦੇ ਵਿਚ ਧਿਆਨ ਧਰ ਕੇ ਸੇਵਕ ਨੇ ਨਾਮ ਜਪੀ ਜਾਣਾ ਹੈ, ਜਦ ਪ੍ਰਭੂ ਦੀ ਕਿਰਪਾ ਦਾ ਪਾਤਰ ਬਣੇਗਾ, ਉਦੋਂ ਲਗਾਤਾਰੀ ਨਾਮ ਦੀ ਪ੍ਰਾਪਤੀ ਹੋਣੀ ਹੈ, ਓਦੋਂ ਹੀ ਨਾਮ ਰਸ ਵਿਚ ਰੰਗੀਜਣਾ ਹੈ। ਨਾਮ ਦਾ ਅਖੰਡ ਤੋਰਾ ਅੰਤਰ-ਆਤਮੇ ਜਾਰੀ ਹੋਣਾ ਪ੍ਰਭੂ ਦੀ ਬਖਸ਼ਸ਼ ਹੈ –

*ਆਪਿ ਜਪਾਏ॥ ਜਪੈ ਸੋ ਨਾਉ॥*
*ਆਪਿ ਗਾਵਾਏ ਸੁ ਹਰਿ ਗੁਨ ਗਾਉ॥*

*ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥*
*ਪ੍ਰਭੂ ਦਇਆ ਤੇ ਕਮਲ ਬਿਗਾਸੁ॥੮॥੬॥*
*ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ॥*
*ਨਾਨਕ ਤੇ ਜਨ ਨਾਮਿ ਮਿਲੇਇ॥੩॥੧੧॥*

(ਕ) ਭੂ ਠਾਕੁਰੁ ਤੁਮ ਪਹਿ ਅਰਦਾਸਿ-

ਪ੍ਰਭੂ ਦੀ ਕਿਰਪਾ ਪ੍ਰਾਪਤ ਕਰਨ ਲਈ ਸੇਵਕ ਨੇ ਸਦਾ ਅਰਦਾਸ ਕਰਦੇ ਰਹਿਣਾ ਹੈ :-

*ਹਮ ਨਿਰਗੁਨੀਅਰ ਨੀਚ ਅਜਾਨ॥*
*ਨਾਨਕ ਤੁਮ੍ਹਾਰੀ ਸਰਨਿ ਪੁਰਖ ਭਗਵਾਨ॥੭॥੨੦॥*

*ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ॥*
*ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ॥*
***ਸਲੋਕ – ੨***

*ਸਰਨਿ ਜੋਗੁ ਸੁਨਿ ਸਰਨੀ ਆਏ॥*
*ਕਰਿ ਕਿਰਪਾ ਪ੍ਰਭ ਆਪਿ ਮਿਲਾਏ॥੪॥੨੪॥*

*ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥*
*ਨਾਨਕ ਤੁਮਰੀ ਕਿਰਪਾ ਤਰੈ॥੬॥੪॥*

ਜੋਦੜੀਆਂ ਕਰਨੀਆਂ ਹਨ ਕਿ ਹੇ ਪਾਤਸ਼ਾਹ! ਮੈਂ ਭੇਖੀ ਪਖੰਡੀ ਹਾਂ, ਮੇਰੇ ਅੰਦਰ ਤ੍ਰਿਸ਼ਨਾ ਦੇ ਭਾਂਬੜ ਮਚ ਰਹੇ ਹਨ, ਮੈਂ ਰਤਨ ਪਦਾਰਥ ਛਡ ਕੇ ਕੌਡੀਆਂ ਮਗਰ ਭਟਕਦਾ ਫਿਰਦਾ ਹਾਂ, ਆਪ ਮੇਰੇ ਤੇ ਤਰਸ ਕਰੋ –

*ਅੰਧ ਕੂਪ ਮਹਿ ਪਤਿਤ ਬਿਕਰਾਲ॥*
*ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥੪॥*

*ਬੈਰ ਬਿਰਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥੭॥੪॥* –

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
***ਸਲੋਕ – ੨੦***

*ਜਾਚਕੁ ਜਨੁ ਜਾਚੈ ਪ੍ਰਭ ਦਾਨੁ॥*
*ਕਰਿ ਕਿਰਪਾ ਦੇਵਹੁ ਹਰਿ ਨਾਮੁ॥੧॥੨੦॥*

**(ਖ) ਸਭੁ ਕਛੁ ਜਾਨੈ ਆਤਮ ਕੀ ਰਹਤ**

ਪ੍ਰਭੂ-ਚਰਨਾਂ ਵਿਚ ਸਾਡੀਆਂ ਬੇਨਤੀਆਂ ਜੋਦੜੀਆਂ ਪ੍ਰੇਮ-ਬੈਰਾਗ ਵਿਚ ਕੀਤੀਆਂ ਹੀ ਕਬੂਲ ਪੈਣੀਆਂ ਹਨ। ਹਿਰਦਿਓਂ ਪਛਤਾਵੇ ਵਿਚ, ਨਿੰਮਰਤਾ ਸਹਿਤ ਪ੍ਰਭੂ ਪਾਸ ਤਰਲੇ ਲੈਣੇ ਹਨ। ਜੇ ਅਤਿ ਸਿਆਣਪ ਵਿਚ ਸੁੰਦਰ ਸ਼ਿੰਗਾਰੇ ਹੋਏ ਸ਼ਬਦਾਂ ਵਿਚ ਅਰਦਾਸਾਂ ਕਰੀ ਜਾਂਦੇ ਹਾਂ ਅਤੇ ਅੰਦਰੋਂ ਕੋਈ ਵਿਛੋੜੇ ਦੀ ਪੀੜਾ ਨਹੀਂ ਜਾਗਦੀ ਤਾਂ ਸਾਡੀਆਂ ਬੇਨਤੀਆਂ ਪਰਵਾਨ ਹੋਣ ਵਿੱਚ ਅਜੇ ਦੇਰੀ ਹੈ, ਕਿਉਂਕਿ-

*ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥*
*ਅਪਨਾ ਕੀਆ ਆਪਹਿ ਮਾਨੈ॥*
*ਉਪਾਵ ਸਿਆਨਪ ਸਗਲ ਤੇ ਰਹਤ॥*
*ਸਭੁ ਕਛੁ ਜਾਨੈ ਆਤਮ ਕੀ ਰਹਤ॥੮॥੫॥*

ਇੰਜ ਸੁਖਮਨੀ ਸਾਹਿਬ ਵਿਚ ਨਾਮ-ਪ੍ਰਾਪਤੀ ਲਈ ਜੋ ਸੇਧਾਂ ਮਿਲਦੀਆਂ ਹਨ, ਉਹਨਾਂ ਨੂੰ ਮੁਖ ਰਖ ਕੇ, ਪ੍ਰਾਣੀ ਨੇ ਨਾਮ ਜਪਣ ਦੇ ਹੁਕਮ ਕਮਾ ਕੇ, ਲੋਕ ਪਰਲੋਕ ਸੁਹੇਲੇ ਕਰਨੇ ਹਨ।

ਸੁਖਮਨੀ ਸਾਹਿਬ ਵਿਚ ਨਾਮੀ-ਵਾਹਿਗੁਰੂ, ਨਾਮ ਦੇ ਦਾਤਾ ਸਤਿਗੁਰੂ ਅਤੇ ਨਾਮ-ਜਪਣਹਾਰਿਆਂ ਦੇ ਜੋ ਅਲੌਕਿਕ ਚਿੱਤਰ ਚਿਤਰੇ ਹੋਏ ਹਨ, ਉਹਨਾਂ ਤੇ ਦੂਜੇ ਲੇਖ ਵਿਚ ਝਾਤੀ ਮਾਰਾਂਗੇ।

# ਨਿਰਭਉ-ਨਿਰਵੈਰ - ਗੁਰੂ ਹਰਿ ਰਾਇ ਜੀ

*(ਗੁਰਪੁਰਵਾਸੀ ਪ੍ਰਿੰ. ਸਤਿਬੀਰ ਸਿੰਘ ਜੀ)*

ਗੁਰੂ ਹਰਿ ਰਾਏ ਜੀ ਨੇ ਸਾਰੀ ਆਯੂ ਨਿਰਭੈ ਹੋ ਕੇ ਕੱਟੀ। ਸੰਗਤਾਂ ਨੇ ਤਾਂ ਗੁਰੂ ਹਰਿਗੋਬਿੰਦ ਜੀ ਦੇ ਸਸਕਾਰ ਵੇਲੇ ਹੀ ਦੇਖ ਲਿਆ ਸੀ ਕਿ ਉਨ੍ਹਾਂ ਕਿਵੇਂ ਅੱਗੇ ਵਧ ਕੇ ਚਿਖਾ ਵਿਚ ਛਾਲ ਮਾਰਨ ਵਾਲਿਆਂ ਦੀ ਬਾਂਹ ਪਕੜ ਪਾਸੇ ਕੀਤਾ। ਕਿਸੇ ਦੇ ਡਰ ਭੈ ਵਿਚ ਨਾ ਆਏ। ਆਰੰਭ ਵਿਚ ਵੱਡੇ ਭਰਾ ਧੀਰ ਮੱਲ ਨੇ ਡਰ ਡਰਾਵੇ ਦਿੱਤੇ। ਉਸ ਸ਼ਾਹ ਜਹਾਨ ਨਾਲ ਬਣਾ ਵੀ ਲਈ। ਪਰ ਆਪ ਜੀ ਬੇਪਰਵਾਹ ਵਿਚਰਦੇ ਰਹੇ। ਫੌਜਾਂ ਰੱਖੀਆਂ, ਕਿਲ੍ਹੇ ਉਸਾਰੇ, ਫਸੀਲਾਂ ਬਣਾਈਆਂ, ਨਗਾਰੇ ਵਜਾਏ, ਝੰਡੇ ਝੁਲਾਏ, ਦੁਖੀਆਂ ਨੂੰ ਪਨਾਹਾਂ ਦਿੱਤੀਆਂ, ਸੋਹਣ ਵਰਗੇ ਦੀਵਾਨ ਨੂੰ ਜਦ ਗੁਰੂ-ਸੇਵੀ ਹੋਣ ਕਾਰਨ ਬਿਲਾਸਪੁਰ ਦੇ ਰਾਜੇ ਨੇ ਦੇਸ਼-ਨਿਕਾਲਾ ਦਿੱਤਾ ਤਾਂ ਜਾਗੀਰ ਛੱਡਣੀ ਤਾਂ ਪਰਵਾਨ ਕਰ ਲਈ ਪਰ ਸੋਹਣ ਨੂੰ ਪੂਰਾ ਆਦਰ ਦਿੱਤਾ।

ਜਦ ਪਹਾੜੀ ਰਾਜੇ ਰੁਅਬ ਪਾਉਣ ਦੇ ਖ਼ਿਆਲ ਨਾਲ ਆਏ ਤਾ ਐਸੇ ਬਚਨ ਬੋਲੇ ਕਿ ਹੰਕਾਰੀਆਂ ਦਾ ਹੰਕਾਰ ਚਲਿਆ ਗਿਆ। ਰਾਜ ਦੇ ਪਹਿਲਵਾਨਾਂ ਨੂੰ ਸਾਧਾਰਨ ਸਿੱਖਾਂ ਕੋਲੋਂ ਹੀ ਹਰਵਾ ਦਿੱਤਾ।

ਇਕ ਵਾਰੀ ਦਾਰਾ ਦੀ ਬਾਹ ਫੜ ਲਈ ਤਾਂ ਅਖੀਰ ਤਕ ਨਾ ਛੱਡੀ। ਔਰੰਗਜ਼ੇਬ ਨੇ ਕਈ ਵਾਰੀ ਹਮਲੇ ਕੀਤੇ ਪਰ ਆਪ ਜੀ ਰਤਾ ਭਰ ਵੀ ਉਤੇਜਤ ਨਾ ਹੋਏ। ਔਰੰਗਜ਼ੇਬ ਨੇ ਝਬਾਲ ਦੀ ਅਕਬਰ ਵਾਲੀ ਜ਼ਮੀਨ ’ਤੇ ਕਬਜ਼ਾ ਕਰ ਲਿਆ ਪਰ ਆਪ ਜੀ ਨੇ ਗੱਲ ਹੀ ਨਾ ਗੌਲੀ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ।

ਜਦ ਔਰੰਗਜ਼ੇਬ ਦੇ ਸਾਰੇ ਹਮਲੇ ਨਿਸਫਲ ਹੋ ਗਏ ਤਾਂ ਉਸ ਹੀਲੇ ਕੀਤੇ ਕਿ ਗੁਰੂ ਪਾਤਸ਼ਾਹ ਨਾਲ ਕਿਸੇ ਤਰ੍ਹਾਂ ਮੇਲ ਕੀਤਾ ਜਾਏ। ਮਹਾਰਾਜ ਦਾ ਇਹ ਹੀ ਉਤਰ ਸੀ ਕਿ 'ਅਸਾਂ ਕੋਈ ਉਸ ਦਾ ਖਿਰਾਜ ਨਹੀਂ ਦੇਣਾ ਤੇ ਨਾ ਮੈਨੂੰ ਕੁਝ ਲੈਣ ਦੀ ਖਾਹਿਸ਼ ਹੈ। ਐਸੇ ਧਰੋਹੀ ਦੁਸ਼ਟ ਨਾਲ ਕਦੇ ਮੇਲ ਨਹੀਂ ਕਰਨਾ-ਜਿਸ ਭਰਾਵਾਂ ਨੂੰ ਮਾਰਿਆ, ਪਿਤਾ ਨੂੰ ਕੈਦ ਕੀਤਾ, ਸੰਤ ਮਹਾਤਮਾ, ਫਕੀਰਾਂ ਨੂੰ ਤਸੀਹੇ ਦਿੱਤੇ ਅਤੇ ਸਰਮਦ ਵਰਗੇ ਖੁਦਾ ਪਿਆਰੇ ਨੂੰ ਕਤਲ ਕੀਤਾ ਹੈ। ਤਾਂ ਹੀ ਤਾਂ ਇਤਿਹਾਸਕਾਰਾ ਲਿਖਿਆ ਹੈ -

***ਮਨ ਮੇਂ ਨ ਧਾਰਾ ਡਰ, ਜ਼ਰਾ ਭਰ ਸਾਹਿ ਕੇ।***

ਜਦ ਖਬਰ ਪੁਜੀ ਕਿ ਵੱਡੇ ਪੁੱਤਰ ਰਾਮ ਰਾਇ ਨੇ ਖੁਸ਼ਾਮਦ ਵਿਚ ਆ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ ਦਾ ਇਕ ਸ਼ਬਦ ਬਦਲਾਇਆ ਹੈ ਤਾਂ ਨਾ ਸਿਰਫ ਉਸ ਨੂੰ ਤਿਆਗਿਆ ਹੀ ਸਗੋਂ ਇਹ ਭੀ ਕਿਹਾ ਕਿ ਨਲਾਇਕ ਅਤੇ ਥੋੜ੍ਹੀ ਅਕਲ ਵਾਲੇ ਨੂੰ ਕੀ ਹੱਕ ਹੈ ਜੋ ਗੁਰੂ ਨਾਨਕ ਦੇ ਵਾਕ ਉਲਟਾਏ। ਗੁਰੂ ਨਾਨਕ ਸੱਚਾ ਪਾਤਸ਼ਾਹ ਹੈ। ਗੋਰਾ ਉਨ੍ਹਾਂ ਦਾ ਆਪਣਾ ਨਿਕਟਵਰਤੀ ਸੀ; ਭਾਈ ਭਗਤੂ ਦਾ ਜੋਧਾ ਪੁੱਤਰ ਸੀ ਪਰ ਜਦ ਉਸ ਨੇ ਨਿਰਦੋਸ਼ ਭਾਈ ਜੱਸੇ ਦਾ ਸਿਰ ਲਾਹ ਦਿੱਤਾ ਤਾਂ ਹਤਿਆਰਾ' ਤਕ ਕਹਿਣ ਤੋਂ ਸੰਕੋਚ ਨਾ ਕੀਤਾ।

ਜ਼ੈਦ ਪੁਰਾਣੇ ਵਾਲਿਆਂ ਬਾਰੇ ਜਦ ਸੁਣਿਆ ਕਿ ਉਹ ਹੰਕਾਰੀ ਕਾਲੇ ਕਿਆਂ ਦੀਆਂ ਔਰਤਾਂ ਤਕ ਨੂੰ ਠੱਠਾ-ਮਸਖਰੀ ਕਰਦੇ ਹਨ ਤਾਂ ਉਸ ਦਾ ਪਰਹਾਰ ਕਰਵਾਇਆ। ਉਸ ਦੇ ਸਾਰੇ ਵਾਰ ਆਪਣੇ ’ਤੇ ਝੱਲੇ। ਪਖੰਡੀਆਂ, ਦੰਭੀਆਂ ਨੂੰ ਆਪ ਜੀ ਆੜੇ ਹੱਥੀਂ ਲੈਂਦੇ ਸਨ। ਬ੍ਰਾਹਮਣਾਂ ਦੀਆਂ ਕੁਚਾਲਾਂ ਤੋਂ ਪੰਥ ਨੂੰ ਸੁਚੇਤ ਕੀਤਾ ਤੇ ਸਿੱਖੀ ਮਰਯਾਦਾ ਦ੍ਰਿੜ ਕਰਵਾਉਂਦੇ ਰਹੇ। ਭਾਈ ਨੰਦ ਲਾਲ ਜੀ ਨੇ ਇਸੇ ਲਈ ਉਨ੍ਹਾਂ ਨੂੰ ਮੌਤ ਦੇ ਫੰਧੇ ਨੂੰ ਤੋੜਨ ਵਾਲਾ ਅਤੇ ਜਮਰਾਜ ਨੂੰ ਵੀ ਨੀਵਾਂ ਦਿਖਾਲਣ ਵਾਲਾ ਕਿਹਾ ਹੈ। ਉਨ੍ਹਾਂ ਦਾ ਨਾਮ ਹੀ ਅਜਿਹਾ ਹੈ। ਗੁਰੂ-ਪਾਤਸ਼ਾਹ ਜੀ ਤਾਂ ਹੰਕਾਰ ਵਿਚ ਅਤੇ ਰੁਸਤਮ ਤੇ ਬਹਮਨ ਵਰਗੇ, ਜੋ ਆਸਮਾਨ ਤੋਂ ਉੱਚੀਆਂ ਗੱਲਾਂ ਕਰਦੇ ਸਨ, ਦਾ ਪੰਜਾ ਮਰੋੜ ਦਿੰਦੇ ਹਨ। ਵੱਡੇ ਵੱਡੇ ਸ਼ਸਤ੍ਰਧਾਰੀ ਉਨ੍ਹਾਂ ਅੱਗੇ ਸਿਰ ਝੁਕਾਂਦੇ ਹਨ। ਉਨ੍ਹਾਂ ਦੀ ਤੱਕਣੀ ਹੀ ਬੱਬਰ ਸ਼ੇਰ ਨੂੰ ਪਾਲਤੂ ਬਣਾ ਦੇਂਦੀ ਹੈ। ਉਹ ਬਾਗੀਆਂ ਤੇ ਸਿਰ-ਫਿਰਿਆਂ ਦਾ ਸਿਰ ਕਲਮ ਕਰਨ ਵਾਲੇ ਹਨ। ਕੋਈ ਬਾਗੀ

ਸਿਰ ਨਹੀਂ ਉਠਾ ਸਕਿਆ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ੨੨੦੦ ਚੋਣਵੇਂ ਸਵਾਰਾਂ ਦੀ ਇਕ ਫੌਜ ਬਣਾਈ ਸੀ ਜਿਸ ਦਾ ਨਾ ਹੀ 'ਗੁਰੂ ਹਰਿ ਰਾਇ ਜੀ ਦਾ ਡੇਰਾ' ਰੱਖਿਆ ਸੀ ਜਦ ਵੀ ਕੋਈ ਮੁਹਿੰਮ ਸਰ ਨਾ ਹੋਵੇ ਉਸ ਵੇਲੇ ਉਨ੍ਹਾਂ ਸਵਾਰਾਂ ਦੀ ਫੌਜ ਭੇਜੀ ਜਾਂਦੀ ਸੀ ਅਤੇ ਜਿੱਤਾਂ ਪ੍ਰਾਪਤ ਹੁੰਦੀਆਂ ਸਨ।

ਦੂਜੇ ਪਾਸੇ ਨਿਰਵੈਰ ਹਲੀਮ ਸ਼ਾਂਤ-ਚਿੱਤ, ਸੰਤੋਖੀ, ਦਾਤੇ ਤੇ ਕੋਮਲ ਇਤਨੇ ਕਿ ਪਿਆਰ ਹੀ ਵੰਡਦੇ ਰਹੇ। ਕਨਿੰਘਮ ਨੇ ਠੀਕ ਲਿਖਿਆ ਹੈ ਕਿ ਉਨ੍ਹਾਂ ਦੀ ਸਾਰੀ ਕਾਰ ਵਿਚ ਹਲੀਮੀ ਭਰੀ ਸੀ। ਸਰਬ ਥਾਈਂ ਬਹੁਤ ਹੀ ਮਾਣ ਤੇ ਸਤਿਕਾਰ ਪਾਇਆ।

ਜਿਤਨੇ ਇਹ ਭਾਈ ਤੇ ਸਰਦਾਰ ਹਨ, ਉਨ੍ਹਾਂ ਦੀ ਰਹਿਮਤ ਸਦਕਾ ਹੀ ਵਰੋਸਾਏ ਗਏ ਹਨ। ਲਤੀਫ ਨੇ ਵੀ ਇਹ ਹੀ ਲਿਖਿਆ ਹੈ ਕਿ ਉਹ ਸ਼ਾਂਤ ਚਿੱਤ, ਸੰਤੋਖੀ ਤੇ ਮਿੱਠਬੋਲੜੇ ਸਨ। ਗਰੀਨ ਲੀਜ਼ ਨੇ ਗੌਂਸਪਲ ਔਫ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਹਰਿ ਰਾਇ ਨੂੰ ਮੂਰਤ ਹੀ ਦਇਆ (ਮਰਸੀ) ਦੀ ਕਿਹਾ ਹੈ।

ਭਾਈ ਗੁਰਦਾਸ ਦੂਜੇ ਨੇ 'ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ ਵਿਚ ਗੁਰੂ ਹਰਿ ਰਾਇ ਜੀ ਦੀ ਮਹਿਮਾ ਕਰਦੇ ਲਿਖਿਆ ਹੈ ਕਿ 'ਉਨ੍ਹਾਂ ਨੇ ਐਸੀ ਕਮਾਈ ਕਰ ਲਈ ਸੀ ਕਿ ਸਦਾ ਹੀ ਸਮਾਧੀ ਸਥਿਤ ਰਹੇ। ਜਿਸ 'ਚੁਭੀ ਰਹੀ ਸੁਰਤਿ ਪ੍ਰਭ ਚਰਨਨ' ਦਾ ਜ਼ਿਕਰ ਕਲਗੀਧਰ ਨੇ ਕੀਤਾ ਹੈ, ਉਹ ਹੀ ਅਵੱਸਥਾ ਸਤਵੇਂ ਪਾਤਸ਼ਾਹ ਦੀ ਹੈ। ਇਤਨੀਆਂ ਸ਼ਕਤੀਆਂ ਦੇ ਮਾਲਕ ਹੋ ਕੇ ਵੀ ਕਦੇ ਆਪਾ ਨਾ ਜਤਾਇਆ। 'ਜਿਨਿ ਹਰਿ ਪਾਇਓ ਤਿਨਹਿ ਛਪਾਇਓ॥' ਉਨ੍ਹਾਂ 'ਤੇ ਹੀ ਢੁੱਕਦਾ ਹੈ। ਵਾਰ ਦੀ ਪਉੜੀ ਦੇ ਸ਼ਬਦ ਹਨ -

*ਸਪਤਮ ਮਹਿਲ ਅਗਮ ਹਰਿ ਰਾਇਆ।*
*ਜਿਨ ਸੁੰਨ ਧਿਆਨੁ ਕਰਿ ਜੋਗ ਕਮਾਇਆ।*
*ਚੜ੍ਹਿ ਗਗਨ ਗੁਫਾ ਮਹਿ ਰਹਿਓ ਸਮਾਈ।*
*ਜਹਾ ਬੈਠ ਅਡੋਲ ਸਮਾਧਿ ਲਗਾਈ।*
*ਸਭ ਕਲਾ ਬੈਂਚ ਕਰਿ ਗੁਪਤ ਰਹਾਯੰ।*
*ਤਹਿ ਅਪਨ ਰੂਪ ਕੋ ਨਹਿ ਦਿਖਲਾਯੰ।੨੨।*

ਦਇਆਲੂ ਇਤਨੇ ਕਿ ਜਦ ਸੁਣਿਆ ਕਿ ਦਾਰਾ ਅਸਾਧ ਰੋਗ ਨਾਲ ਪੀੜਤ ਹੈ ਤੇ ਜਿਨ੍ਹਾਂ ਦਵਾਈਆਂ ਨਾਲ ਅਰੋਗ ਹੋ ਸਕਦਾ ਹੈ ਉਹ ਉਨ੍ਹਾਂ ਦੇ ਹੀ ਸ਼ਫ਼ਾਖਾਨੇ ਵਿਚ ਹਨ ਤਾਂ ਤੁਰੰਤ ਭੇਜ ਦਿੱਤੀਆਂ। ਸ਼ਾਹਜਹਾਨ ਦੀਆਂ ਕੀਤੀਆਂ ਜੰਗਾਂ ਨੂੰ ਉਪਚਾਰ ਵਿਚਕਾਰ ਨਹੀਂ ਪੈਣ ਦਿੱਤਾ। 'ਰੱਖ' ਜੋ ਉਨ੍ਹਾਂ ਬਣਾਈ ਉਥੇ ਸ਼ੇਰ ਬੱਕਰੀ ਸੱਚਮੁੱਚ ਇਕੋ ਹੀ ਘਾਟ ਪਾਣੀ ਪੀਂਦੇ ਸਨ। ਕੋਮਲ ਇਤਨੇ ਕਿ ਦੋ ਪਹਿਰ ਇਕ ਥਾਂ ਹੀ ਟਿਕ ਰਹੇ ਕਿ ਮਤਾਂ ਕੁ ਹਿੱਲਣ ਨਾਲ ਕਿਤੇ ਭਾਈ ਗੋਂਦੇ ਦੇ ਪਿਆਰ ਵਿਚ ਵਿਘਨ ਪਏ। ਭਾਉ ਭਗਤ ਦੇ ਪ੍ਰੇਮੀ ਇਤਨੇ ਕਿ ਇਕ ਵਾਰ ਪ੍ਰਸ਼ਾਦ ਛਕਣ ਤੋਂ ਬਾਅਦ ਫਿਰ ਦਿਹਾੜੀ ਮੂੰਹ ਹੀ ਨਾ ਪਾਉਂਦੇ। ਲੋਕ ਦਰਦੀ ਇਤਨੇ ਕਿ ਪੰਜਾਬ ਵਿਚ ਕਾਲ ਪੈਣ ਦੀ ਖਬਰ ਸੁਣ ਕੇ ਹੁਕਮਨਾਮੇ ਪਠਾਏ ਕਿ ਕਾਰ ਭੇਟ ਉਥੇ ਹੀ ਵਰਤੀ ਜਾਏ ਅਤੇ ਲੰਗਰ ਚਲਾਓ। ਭੁੱਖਾ ਕੋਈ ਰਹਿਣ ਨਾ ਪਾਵੇ। ਮੇਰੀ ਖੁਸ਼ੀ ਉਸੇ ਸਿੱਖ 'ਤੇ ਹੈ ਜੋ ਸਮੇਂ ਘੁੱਥੇ ਅਤਿਥੀ ਨੂੰ ਭਾਉ ਕਰ ਪ੍ਰਸ਼ਾਦ ਛਕਾਏ। ਗਰੀਨ ਲੀਜ਼ ਨੇ ਸੋਹਣਾ ਲਿਖਿਆ ਹੈ ਕਿ ਉਨ੍ਹਾਂ ਵਰਗਾ ਮਹਿਮਾਨ-ਨਿਵਾਜ਼ ਕੋਈ ਨਹੀਂ ਸੀ। ਥੜੇ ਖੁਸ਼ ਹੁੰਦੇ ਪ੍ਰਸ਼ਾਦ ਛਕਾ ਕੇ। ਆਪ ਹਮੇਸ਼ਾ ਸਾਰੀ ਜ਼ਿੰਦਗੀ ਹੀ ਪਿਛੋਂ ਖਾਧਾ। ਅਲੇਪ ਇਤਨੇ ਕਿ ਘੰਟਿਆਂ ਬੱਧੀ ਇਕੱਲਿਆਂ ਹੀ ਜੰਗਲਾਂ ਦੀ ਸੈਰ ਕਰਕੇ ਰਹਿੰਦੇ। ਦਾਤੇ ਇਤਨੇ ਕਿ ਦੇਦਾ ਦੇ ਲੈਦੇ ਥਕਿ ਪਾਹਿ, ਦੇ ਅਰਥ ਲੱਗਦੇ। ਏਸ ਕਾਰਨ ਤਾਂ ਗੁਰ ਪ੍ਰਨਾਲੀ ਦੇ ਲਿਖਾਰੀਆਂ ਨੇ ਲਿਖਿਆ :

*ਜਾ ਕੇ ਦਰਬਾਰ ਦੀਸੈ ਨਾਹਿ ਕੋ ਮੰਗਤਾ।*

ਕ੍ਰਿਪਾਲੂ ਇਤਨੇ ਕਿ ਘੋੜੇ ਨੂੰ ਦੌੜਾਂਦੇ ਤਾਂ ਜੇ ਬੱਚਾ ਵੀ ਤ੍ਰਭਕ ਕੇ ਡਿੱਗਾ ਤਾਂ ਰੁਕ ਕੇ ਚੁੱਕਿਆ ਤੇ ਛਾਤੀ ਨਾਲ ਲਾਇਆ ਅਤੇ ਪਿਆਰ ਦਿਤਾ।

ਬਾਣੀ ਦਾ ਸਤਿਕਾਰ ਇਤਨਾ ਕਿ ਗੋਡੇ 'ਤੇ ਚੋਟ ਤਾਂ ਲਗਵਾ ਲਈ ਪਰ ਸਨਮਾਨ ਵਿਚ ਢਿੱਲ ਨਾ ਪੈਣ ਦਿੱਤੀ। ਪੁੱਤਰ ਤਿਆਗ ਦਿੱਤਾ ਪਰ ਬਾਣੀ ਦਾ ਅਪਮਾਨ ਨਾ ਸਹਾਰਿਆ। ਗੁਰਬਾਣੀ ਨਾਲ ਪਿਆਰ ਇਤਨਾ ਕਿ ਆਪੂ ਕਥਾ ਕਰ ਕੇ ਰਮਜ਼ਾਂ ਖੋਲ੍ਹਦੇ। ਫ਼ਕੀਰੀ ਦੀ ਧਾਕ ਇਤਨੀ ਕਿ ਦੂਰੋਂ-ਦੂਰੋਂ ਫਕੀਰ, ਸਾਧੂ ਆ ਕੇ ਅਟਕਾਂ ਹਟਾਂਦੇ। ਬੋਲਦੇ ਤਾਂ ਵੇਦ ਦਾ ਗਿਆਨ ਅੰਦਰ ਪ੍ਰਕਾਸ਼ ਹੋ ਜਾਂਦਾ। 'ਬਿਧਿ ਬੇਦਨ ਭਾਸ਼ਨ ਸਵਤੈ ਪ੍ਰਕਾਸ਼ਮਾਨ।' ਸਾਰੀ ਸ੍ਰਿਸ਼ਟੀ ਉਨ੍ਹਾਂ ਦੀ ਆਤਮਕ ਉਚਤਾ ਹੀ ਦ੍ਰਿੜਾਂਦੀ ਅਤੇ 'ਕੋਈ ਪ੍ਰੀਤ ਵੰਡ ਹੋ ਕੇ ਸ਼ੁੱਧ ਹਿਰਦੇ ਦਰਸ਼ਨ ਕੋ ਜਾਤਾ, ਜਿਸ ਮਨੋਰਥ ਕੀ ਇੱਛਾ ਕਰਤਾ, ਤਤਕਾਲ ਹੀ ਪ੍ਰਾਪਤ ਹੋ ਜਾਤਾ। ਜਿਨ੍ਹਾਂ ੧੨ ਬਖਸ਼ਿਸ਼ਾਂ ਨੇ ਸਿੱਖੀ ਹਿੰਦੁਸਤਾਨ ਅਤੇ ਉਸ ਤੋਂ ਬਾਹਰ ਕੋਨਿਆਂ ਤੱਕ ਫੈਲਾਈ, ਉਨ੍ਹਾਂ ਵਿਚੋਂ ਕਈ ਆਪ ਜੀ ਦੀ ਅਸੀਸ ਨਾਲ ਬਣੀਆਂ ਸਨ।

ਭਗਤਿ ਗਿਰ ਵਰਗੇ ਸਾਧੂਆਂ ਨੂੰ ਸਿੱਖੀ ਪਰਚਾਰ

ਲਈ ਲਗਾ ਦੇਣਾ ਆਪ ਜੀ ਦੀ ਸ਼ਖਸੀਅਤ ਦਾ ਹੀ ਚਮਤਕਾਰ ਸੀ।

ਗੁਰੂ ਹਰਿ ਰਾਇ ਜੀ ਦੀਆਂ ਦੇਣਾਂ ਤੇ ਦਾਤਾਂ ਦਾ ਕੋਈ ਪਾਰਾਵਾਰ ਹੀ ਨਹੀਂ ਹੈ। ਇਹ ਬੜੇ ਗਹੁ ਨਾਲ ਵਾਚਣ ਵਾਲੀ ਗੱਲ ਹੈ ਕਿ ਭਾਈ ਨੰਦ ਲਾਲ ਜੀ ਨੇ ਉਨ੍ਹਾਂ ਦਾ ਨਾਮ ਗੰਜ-ਨਾਮਾ ਵਿਚ ਕਰਤਾ ਹਰਿ ਰਾਇ ਲਿਖਿਆ ਹੈ। ਉਹ ਕਿਤਨੀਆਂ ਹੀ ਸੰਸਥਾਵਾਂ, ਮਰਿਯਾਦਾਵਾਂ, ਰਾਜਾਂ, ਸਰਦਾਰੀਆਂ ਤੇ ਨਿਯਮਾਂ ਦੇ ਕਰਤਾ ਸਨ। ਸਿੱਖੀ ਲੋਕ-ਲਹਿਰ ਬਣ ਗਈ।

ਗੁਰਧਾਮਾਂ ਦੀ ਯਾਤਰਾ ਵੇਲੇ ਕੋਈ ਖੋਹਾ-ਖਾਹੀ ਨਾ ਕਰੇ, ਇਸ ਲਈ ਆਪੂੰ ਸੰਜਮ ਰੱਖ ਕੇ ਦੱਸਿਆ। ਨਨਕਾਣਾ ਸਾਹਿਬ, ਅੰਮ੍ਰਿਤਸਰ, ਗੋਇੰਦਵਾਲ, ਡੇਹਰਾ ਸਾਹਿਬ, ਲਾਹੌਰ ਭੁੰਜੇ ਹੀ ਆਸਨ ਰੱਖਿਆ। ਲੰਗਰ ਦੀ ਮਰਯਾਦਾ ਬੱਧੀ। ਆਦੇਸ਼ ਦਿਤਾ ਕਿ ਜੇ ਕੋਈ ਧਰਮਸਾਲ ਜਾਏ ਤਾਂ ਭਾਵੇਂ ਚੁਟਕੀ ਆਟਾ ਲੈ ਜਾਏ ਦਾ ਹੁਕਮ ਦੇ ਕੇ ਸਿੱਖ ਦੀ ਬ੍ਰਿਤੀ ਲੈਣ ਨਾਲੋਂ ਦੇਣ ਦੀ ਬਣਾਈ ਤਾਂ ਜੋ ਧਰਮਸਾਲ ਦੀ ਝਾਕ ਨਾ ਰਹੇ। ਇਹ ਹੁਕਮ ਵੀ ਕੀਤਾ ਕਿ ਲੰਗਰ ਸ਼ੁਰੂ ਹੋਣ ’ਤੇ ਨਗਾਰਾ ਜ਼ਰੂਰ ਹੋਵੇ ਤਾਂ ਕਿ ਇਹ ਕੋਈ ਨਾ ਆਖ ਸਕੇ ਕਿ ਸੱਦਾ ਨਹੀਂ ਦਿੱਤਾ ਗਿਆ। ਸਿੱਖਾਂ ਦਾ ਸੁਭਾਅ ਹੀ ਬਣ ਗਿਆ ਕਿ ਪ੍ਰਸ਼ਾਦ ਛਕਣ ਵੇਲੇ ਆਵਾਜ਼ ਉੱਚੀ ਮਾਰ ਲੈਂਦੇ। ਨਾਦਰ ਸ਼ਾਹ ਜਦ ਹਮਲਾਵਰ ਹੋਇਆ ਤਾਂ ਉਸ ਵੇਲੇ ਇਕੱਲਿਆਂ ਵੀ ਹੁੰਦੇ ਗੁਣ ਸੁਣ ਹੈਰਾਨ ਹੋਇਆ ਸੀ। ਉਸ ਕਿਹਾ ਵੀ ਸੀ ਕਿ ਜੇ ਉੱਚੀ ਆਵਾਜ਼ ਸੁਣ ਕੋਈ ਦੁਸ਼ਮਣ ਵੀ ਆ ਜਾਏ ਤਾਂ ਇਹ ਸਿੱਖ ਲੋਕ ਕੀ ਕਰਦੇ ਹਨ? ਤਾਂ ਜ਼ਕਰੀਆਂ ਖਾਨ ਨੇ ਕਿਹਾ ਸੀ -

***ਉਸ ਸਮੇਂ ਬੈਬੀ ਕਿਮ ਆਵੈ।***
***ਪਰਮ ਮੀਤੁ ਸਮ ਤੋਹਿ ਛਕਾਵੈ।***

ਅਗਲਾ ਸਵਾਲ ਸੀ - ‘ਆਪ ਫਿਰ ਕੀ ਖਾਂਦੇ ਹਨ? ਤਾਂ ਜ਼ਕਰੀਆਂ ਨੇ ਕਿਹਾ ਸੀ ਜੋ ਬਚੇ ਆਪ ਖਲੇ ਹੈਂ। ਨਹੀਂ ਤੋਂ ਲੰਗਰ ਮਸਤ ਬਣੇਂ ਹੈ।

ਇਹ ਜਾਚਾਂ ਗੁਰੂ ਹਰਿ ਰਾਇ ਜੀ ਨੇ ਸਿਖਾਲੀਆਂ ਸਨ।

ਇਤਿਹਾਸ ਨੂੰ ਸਾਂਭਣ ਵੱਲ ਵੀ ਆਪ ਜੀ ਨੇ ਹੀ ਪ੍ਰੇਰਨਾ ਦਿੱਤੀ। ਆਪ ਜੀ ਦੀ ਹੀ ਪੁੱਤਰੀ ਬੀਬੀ ਰੂਪ ਕੌਰ ਜੀ ਨੇ ਸਤਿਗੁਰੂ ਜੀ ਕੇ ਮੁੰਹੋ ਕਹੀਆਂ ਸਾਖੀਆਂ ਇਕੱਤ੍ਰ ਕੀਤੀਆਂ। ਆਪ ਜੀ ਦੇ ਬਚਨ ਪੜ੍ਹ ਕੇ ਪਤਾ ਲੱਗਦਾ ਹੈ ਕਿ ਆਪ ਜੀਵਨ ਦੇ ਹਰ ਪੱਖ ਨੂੰ ਸੰਵਾਰਨ ਲਈ ਰਾਹ ਦੇ ਚਿਰਾਗ ਰੋਸ਼ਨ ਕਰ ਰਹੇ ਸਨ। ਕੁਝ ਕੁ ਬਚਨ ਇਸ ਪ੍ਰਕਾਰ ਹਨ -

- ਬਿਗੜ ਰੂਪ ਅਹੰਕਾਰ ਹੈ। ਅਹੰਕਾਰ ਕਰ ਹੀ ਮੂੰਹ ਬਿਗੜਦਾ ਤੇ ਸੁੰਦਰਤਾ ਜਾਂਦੀ ਹੈ।
- ਪਾਪਾਂ ਦਾ ਮੂਲ ਲੋਭ ਹੈ।
- ਸਿੱਖ ਦੇ ਗੁਜ਼ਰਨ ’ਤੇ ਕਦੇ ਨਹੀਂ ਕਹਿਣਾ ਮੋਇਆ ਹੈ ਜਾਂ ਜਮ ਲੈ ਗਿਆ ਹੈ। ਆਖਣਾ-ਅਕਾਲ ਪਾਸ ਗਿਆ ਹੈ।
- ਗੁਰੂ ਦੀ ਖੁਸ਼ੀ ਉਸ ਉੱਤੇ ਹੈ ਜੋ ਸਮੇਂ ਘੁਥਿਓਂ ਆਏ ਅਤਿਥੀ ਨੂੰ ਰਚਿ ਕਰ ਪ੍ਰਸ਼ਾਦ ਛਕਾਂਦਾ ਹੈ।
- ਮਨ ਜਾਗੇ ਕੀ ਇਹੀ ਨਿਸ਼ਾਨੀ। ਪ੍ਰਿਯ ਲਾਗਹਿ ਸਤਿਗੁਰ ਬਾਨੀ।
- ਅਥਾਪ ਵਸਤੁ ਹੋਰ ਕੋਈ ਨਹੀਂ, ਸ਼ਬਦ ਦਾ ਗਿਆਨ ਹੈ।
- ਜਿਥੇ ਗੁਰੂ ਵਿਸਰੈ ਤਿਥੈ ਮਿਲਣਾ ਨਾਹੀ।
- ਕਮਾਈ ਵਿਚੋਂ ਜਿਸ ਦਸਵੰਧ ਦਿੱਤਾ। ਉਸ ਘਰ ਸਭੋ ਸੁਖ।
- ਮਾਂ ਬਾਪ ਦੀ ਸੇਵਾ ਹੀ ਭਗਤੀ ਹੈ।
- ਹਾਕਮ ਬਣ ਕਿਸੇ ’ਤੇ ਰੁਅਬ ਨਾ ਪਾਓ।
- ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ ’ਤੇ ਕੁਹਾੜਾ ਮਾਰਨ ਤੁੱਲ ਹੈ।
- ਰਾਤ ਨੂੰ ਸੌਣ ਵੇਲੇ ਮਹਿਲਾਂ ਦੇ ਦਰਵਾਜ਼ੇ ਖਿੜਕੀਆਂ ਬੰਦ ਕਰ ਕੇ ਹਰਮਾਂ ਵਿਚ ਇਸ ਤਰ੍ਹਾਂ ਅਵੇਸਲੇ ਨਾ ਸੁੱਤੇ ਰਹੇ ਕਿ ਕਿਸੇ ਦੁਖੀ-ਦੀਨ ਦੀ ਆਵਾਜ਼ ਹੀ ਕੰਨੀ ਨਾ ਪਵੇ।

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਸਮੁੱਚੀ ਸ਼ਖਸੀਅਤ ਬਾਰੇ ਬਹੁਤ ਢੁੱਕਵਾਂ ਲਿਖਿਆ ਹੈ ਕਿ ਜਿਹੜੀ ਗੱਲ ਉਨ੍ਹਾਂ ਦੀ ਅੰਤਰ ਆਤਮਾ ਮੰਨਦੀ ਸੀ ਤੇ ਦੂਜਿਆਂ ਨੂੰ ਕਹਿਣੀ ਹੁੰਦੀ ਸੀ, ਪਹਿਲਾਂ ਉਸ ਨੂੰ ਆਪਣੇ ’ਤੇ ਫੌਜੀ ਜ਼ਬਤ ਵਾਗੂੰ ਲਾਗੂ ਕਰਦੇ।

ਉਹ ਕਰਤਾ ਸਨ, ਉਨ੍ਹਾਂ ਸਾਰੀ ਜ਼ਿੰਦਗੀ ਕੋਈ ਫੁੱਲ ਪੁੱਟਿਆ ਨਹੀਂ, ਨੰਦਲਾਲ ਜੀ ਦੇ ਇਹਨਾਂ ਸ਼ਬਦਾਂ ਨਾਲ ਇਸ ਲਿਖਤ ਨੂੰ ਸਮਾਪਤ ਕਰਨਾ ਹੈ ਕਿ -

***(ਬਾਕੀ ਪੰਨਾ 34 ਤੇ)***

# ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤ

*(ਬੀਬੀ ਅਜੀਤ ਕੌਰ ਜੀ)*

ਸਾਲ ਵਿੱਚ ਵਾਰੀ ਵਾਰੀ ਛੇ ਰੁੱਤਾਂ ਆਉਂਦੀਆਂ ਹਨ, ਪਰ ਇਹਨਾ ਵਿਚੋਂ ਬਸੰਤ ਰੁੱਤ ਨੂੰ ਸਭ ਦੀ ਸਰਦਾਰ ਮੰਨਿਆ ਗਿਆ ਹੈ। ਇਸ ਰੁੱਤ ਵਿੱਚ ਮੌਸਮ ਸੁਹਾਵਣਾ ਤੇ ਅਨੰਦ ਮਈ ਹੁੰਦਾ ਹੈ। ਹਰ ਪਾਸੇ ਪ੍ਰਕ੍ਰਿਤੀ ਦਾ ਖਿੜਾਓ ਦੇਖ, ਠੰਡੀ-ਮਿੱਠੀ ਧੁੱਪ ਵਿਚੋਂ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਹਨ ਪਰ ਸਦੀਵੀ ਅਨੰਦ ਉਨ੍ਹਾਂ ਜੀਵਾਂ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਮਨ ਵਿੱਚ ਪ੍ਰਭੂ-ਪ੍ਰੇਮ ਪੈਦਾ ਹੋ ਗਿਆ ਹੈ। ਗੁਰੂ ਸਾਹਿਬਾਂ ਦਾ ਫੁਰਮਾਨ ਹੈ -

*ਸਦਾ ਬਸੰਤੁ ਗੁਰ ਸਬਦੁ ਵੀਚਾਰੇ।*
*ਰਾਮ ਨਾਮ ਰਾਖੈ ਉਰ ਧਾਰੇ॥ ਅੰਗ - ੧੧੭੬*

ਜਿਸ ਜੀਵ ਨੇ ਆਪਾ-ਭਾਵ ਮਿਟਾ ਕੇ, ਪ੍ਰਭੂ ਦੀ ਹੋਂਦ ਨੂੰ ਜ਼ਰੇ ਜ਼ਰੇ ਵਿੱਚ ਅਨੁਭਵ ਕਰ ਲਿਆ ਹੈ ਉਸ ਨੂੰ ਸਦੀਵੀ-ਅਨੰਦ ਦੀ ਪ੍ਰਾਪਤੀ ਹੋ ਗਈ ਹੈ। ਉਹ ਪ੍ਰਕ੍ਰਿਤੀ ਦੇ ਕਣ-ਕਣ ਵਿੱਚ ਕੇਂਦਰ ਨੂੰ ਰਮਿਆ ਅਨੁਭਵ ਕਰਦਾ ਹੈ। ਇਸ ਸੁਹਾਵਣੀ ਰੁੱਤ ਵਿੱਚ ਸਾਰੇ ਜੀਵ-ਜੰਤੂ ਅਨੰਦਤ ਹੋ ਜਾਂਦੇ ਹਨ। ਮਨੁੱਖ ਦਾ ਮਨੋਰਥ ਹੀ ਆਤਮਕ ਅਨੰਦ ਪ੍ਰਾਪਤ ਕਰਨਾ ਹੈ। ਇਹ ਸਮਾਂ ਨਾਮ ਜਪਣ ਦਾ ਹੈ, ਹੋਰ ਕਿਸੇ ਕਿਸਮ ਦੇ ਕਰਮ ਕਰਨ ਦਾ ਨਹੀਂ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ ਤੇ ਕੁਦਰਤ ਵਿੱਚ, ਹਰਿਆਵਲ, ਸੁਗੰਧੀ ਤੇ ਬਹਾਰ ਆਉਂਦੀ ਹੈ ਪਰ ਕੁਝ ਪੇੜ-ਪੌਧੇ ਫੇਰ ਵੀ ਸੁੱਕੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਰਹਿੰਦਾ ਹੈ। ਜੋ ਮਨੁੱਖ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਨਹੀਂ ਹੁੰਦਾ ਉਸ ਉੱਤੇ ਕੋਈ ਪ੍ਰਭਾਵ ਨਹੀਂ ਹੁੰਦਾ। ਨਾਮ-ਅਭਿਆਸੀ ਜੀਵ ਸਭ ਰੁੱਤਾਂ ਵਿੱਚ ਖਿੜਿਆ ਰਹਿੰਦਾ ਹੈ ਉਸ ਦੇ ਆਤਮਿਕ ਖੇੜੇ ਦਾ ਭੇਦ ਪ੍ਰਭੂ-ਸਿਮਰਨ ਹੁੰਦਾ ਹੈ। ਗੁਰਬਾਣੀ ਦਾ ਮਨੋਰਥ ਮੁਰਝਾਏ ਹੋਏ ਹਿਰਦਿਆਂ ਨੂੰ ਖਿੜਾਉਣਾ ਤੇ ਉਨ੍ਹਾਂ ਅੰਦਰ ਪਿਆਰ ਦੀ ਸੁਗੰਧੀ ਪੈਦਾ ਕਰਨਾ ਹੈ -

*ਮਾਹਾ ਰੁਤੀ ਮਹਿ ਸਦਾ ਬਸੰਤੁ॥*
*ਜਿਤੁ ਹਰਿਆ ਸਭੁ ਜੀਅ ਜੰਤ॥ ਅੰਗ - ੧੧੭੭*

*ਬਸੰਤ ਚੜਿਆ ਫੂਲੀ ਬਨਰਾਇ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥*
*ਅੰਗ - ੧੧੭੭*

ਬਸੰਤ ਰੁੱਤ ਕੁਦਰਤ ਅੰਦਰ ਹਰ ਪਾਸੇ ਖੇੜਾ ਲੈਕੇ ਆਉਂਦੀ ਹੈ। ਇਹ ਖੇੜਾ ਮਨੁੱਖ ਲਈ ਇਕ ਪ੍ਰੇਰਨਾ ਹੈ। ਜਿਹੜਾ ਜੀਵ ਹਉਮੈ ਕਰਕੇ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ ਤੇ ਉਸਨੂੰ ਆਤਮਕ ਸੋਕੜਾ ਲੱਗ ਜਾਂਦਾ ਹੈ ਪਰ ਜੇ ਉਹ ਸਤਿ ਸੰਗਤ ਕਰੇ ਤਾਂ ਮੁੜਕੇ ਹਰਾ-ਭਰਾ ਹੋ ਸਕਦਾ ਹੈ। ਗੁਰਬਾਣੀ ਦਾ ਇਹੀ ਮੰਤਵ ਹੈ ਕਿ ਮਨੁੱਖ ਦਾ ਮਨ ਮੌਲ ਪਵੇ। ਗੁਰਬਾਣੀ ਮਨੁੱਖ ਨੂੰ ਆਤਮਿਕ-ਜਾਗ੍ਰਤੀ ਪ੍ਰਦਾਨ ਕਰਦੀ ਹੈ। ਗੁਰਬਾਣੀ ਅੰਦਰ ਬਸੰਤ ਰੁੱਤ ਨੂੰ ਮੁਬਾਰਕ ਆਖਿਆ ਹੈ ਕਿਉਂਕਿ ਇਸ ਰਾਹੀਂ ਮਨੁੱਖ ਨੂੰ ਅਜਿਹੀ ਪ੍ਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ-ਨਾਮ ਵਿੱਚ ਰੱਤਾ ਰਹਿਣ ਲਈ ਉਤਾਵਲਾ ਹੁੰਦਾ ਹੈ। ਮਨੁੱਖ ਅਧਿਆਤਮਕ ਪੱਖ ਤੇ ਚੱਲਕੇ ਅੰਦਰੋਂ ਮੌਲ ਸਕਦਾ ਹੈ -

*ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ॥*
*ਤਿਸੁ ਬਸੰਤੁ ਜਿਸੁ ਗੁਰੁ ਦਇਆਲੁ॥ ਅੰਗ - ੧੧੮੦*

*ਬਨਸਪਤਿ ਮਉਲੀ ਚੜਿਆ ਬਸੰਤੁ॥*
*ਇਹ ਮਨੁ ਮਉਲਿਆ ਸਤਿਗੁਰੂ ਸੰਗਿ॥ਅੰਗ - ੧੧੭੬*

ਕੁਦਰਤ ਤੇ ਧਰਮ-ਗ੍ਰੰਥਾਂ ਦਾ ਉਪਦੇਸ਼ ਸਮਦਰਸੀ ਹੁੰਦਾ ਹੈ। ਇਹਨਾ ਦਾ ਉਪਦੇਸ਼ ਸਭ ਜੀਵਾਂ ਨੂੰ ਬਰਾਬਰ ਅਨੰਦ ਪ੍ਰਦਾਨ ਕਰਦਾ ਹੈ -

*ਮਉਲੀ ਧਰਤੀ ਮਉਲਿਆ ਅਕਾਸੁ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥*
*ਅੰਗ - ੧੧੯੩*

ਅੱਜ ਸੰਸਾਰ ਦੇ ਜੀਵ ਤ੍ਰਿਸ਼ਨਾ ਦੀ ਅੱਗ ਵਿੱਚ ਸੜਕੇ ਸੁਆਹ ਹੋ ਚੁੱਕੇ ਹਨ। ਹਰ ਪਾਸੇ ਬਦਅਮਨੀ ਤੇ ਹਾਹਾਕਾਰ ਮਚੀ ਹੋਈ ਹੈ। ਉਹਨਾਂ ਦੇ ਮਨਾਂ ਨੂੰ ਮਾਇਆ

ਦੇ ਭਰਮ ਅਤੇ ਦੁਬਿਧਾਵਾਂ ਨੇ ਖੁਸ਼ਕ ਕਰ ਦਿੱਤਾ ਹੈ। ਇਹ ਰੁੱਤ ਭਾਵ ਇਹ ਮਨੁੱਖਾ ਜਨਮ ਨਾਮ ਜਪਣ ਤੇ ਹਰੇ ਭਰੇ ਹੋਣ ਦਾ ਹੈ। ਨਾਮ ਸਿਮਰਨ ਨਾਲ ਅੰਦਰੋਂ ਅਨੰਦ ਤੇ ਵਿਵਹਾਰਕ ਜੀਵਨ ਵਿੱਚ ਖੇੜਾ ਆਉਂਦਾ ਹੈ। ਪ੍ਰਭੂ ਦੀ ਜੋਤ ਦਾ ਅੰਤਹਕਰਣ ਵਿੱਚ ਅਨੁਭਵ ਕਰਨ ਨਾਲ ਮਨੁੱਖੀ ਜੀਵਨ ਵਿੱਚ ਬਸੰਤ (ਖੇੜਾ) ਆ ਸਕਦੀ ਹੈ। ਗੁਰਬਾਣੀ ਦਾ ਆਤਮਕ-ਮਾਰਗ ਬਾਹਰ ਦੀ ਭਟਕਣਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦੇ ਰਿਹਾ ਹੈ -

*ਆਜ ਹਮਾਰੇ ਗ੍ਰਿਹਿ ਬਸੰਤ॥*
*ਗੁਨ ਗਾਏ ਪ੍ਰਭ ਤੁਮ੍ ਬੇਅੰਤ॥*

ਜਦੋਂ ਮਨੁੱਖ ਦੇ ਮਨ ਅੰਦਰੋਂ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ ਤਾਂ ਉਸਦੀ ਸੁਰਤਿ ਨਾਮ-ਸਿਮਰਨ ਵਿੱਚ ਟਿਕ ਜਾਂਦੀ ਹੈ। ਫਿਰ ਬਸੰਤ ਦੀ ਰੁੱਤ ਵਿੱਚ ਸਦੀਵੀ ਜੀਵਨ ਖੇੜੇ ਵਾਂਗ ਹੁੰਦਾ ਹੈ ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਮੁਕਤ ਹੋ ਕੇ ਦੈਵੀ ਗੁਣਾਂ ਦਾ ਮਾਲਕ ਬਣ ਜਾਂਦਾ ਹੈ ਗੁਰੂ ਸਾਹਿਬ ਆਪਣੀ ਪਵਿੱਤਰ ਰਚਨਾ ਬਸੰਤ ਕੀ ਵਾਰ ਵਿੱਚ ਸੁੱਕੇ ਹੋਏ ਸੰਸਾਰੀ ਜੀਵਾਂ ਨੂੰ ਹਰਾ ਭਰਾ ਕਰਨ ਲਈ ਉਪਦੇਸ਼ ਦ੍ਰਿੜ ਕਰਵਾ ਰਹੇ ਹਨ -

*ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥*
*ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥*
*ਵਣ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥*
*ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥*
*ਨਾਨਕ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥*
*ਅੰਗ - ੧੧੯੩*

ਕੁਦਰਤ ਦਾ ਖੇੜਾ ਤਾਂ ਸਭ ਹਰੀ ਦੇ ਖੇੜੇ ਕਰਕੇ ਹੈ। ਹਰੀ ਤਾਂ ਸਦਾ ਹੀ ਖਿੜਿਆ ਰਹਿੰਦਾ ਹੈ। ਬਸੰਤ ਰੁੱਤ ਦੇ ਖੇੜੇ ਤੋਂ ਸਾਨੂੰ ਹਰੀ-ਪ੍ਰਮਾਤਮਾ ਦੀ ਯਾਦ ਆਉਣੀ ਚਾਹੀਦੀ ਹੈ। ਅਸੀਂ ਹਰੀ ਨੂੰ ਰਸਮੀਂ ਤੌਰ ਤੇ ਪਾਠ-ਪਠਨ ਰਾਹੀਂ ਯਾਦ ਕਰਦੇ ਹਾਂ। ਪ੍ਰਭੂ ਨਾਲ ਸਾਡਾ ਮਿਲਾਪ ਸਰੀਰਕ ਨਹੀਂ ਸਗੋਂ ਆਤਮਕ ਹੁੰਦਾ ਹੈ। ਅਧਿਆਤਮਕ ਰਚਨਾ ਦਾ ਮੰਤਵ ਅੰਤਰ-ਆਤਮੇ ਦਾ ਮੇਲ ਹੈ। ਇਹੀ ਮੇਲ ਸਾਡੇ ਮਨ ਦੇ ਖੇੜੇ ਦਾ ਕਾਰਨ ਬਣਦਾ ਹੈ। ਇਸ ਸਾਧਨ ਰਾਹੀਂ ਅਸੀਂ ਅੰਤਰ-ਆਤਮੇ ਦਾ ਵਾਸਾ ਲਭ ਸਕਦੇ ਹਾਂ।

*ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥*
*ਜਿਤੁ ਮਉਲਿਐ ਸਭੁ ਮਉਲੀਐ, ਤਿਸਹਿ ਨ ਮਉਲਿਹੁ ਕੋਇ॥*
*ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥*
*ਅੰਗ - ੭੯੧*

*ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥*
*ਅੰਗ - ੭੯੧*

ਗੁਰਬਾਣੀ ਸਾਨੂੰ ਬਾਹਰੀ ਖੇੜੇ ਤੋਂ ਉਪਰ ਉਠਾ ਕੇ ਅੰਤਰ-ਆਤਮੇ ਦੇ ਮੇਲ ਲਈ ਪ੍ਰੇਰਨਾ-ਸ੍ਰੋਤ ਪ੍ਰਦਾਨ ਕਰਦੀ ਹੈ। ਅੰਤਰ-ਆਤਮੇ ਦਾ ਮਿਲਾਪ ਕਦੇ ਵਿਛੋੜੇ ਦਾ ਕਾਰਨ ਨਹੀਂ ਬਣ ਸਕਦਾ -

*ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥*
*ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥*
*ਅੰਗ - ੭੯੧*

ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰੋ ਜੋ ਹਮੇਸ਼ਾਂ ਖਿੜਿਆ ਰਹਿੰਦਾ ਹੈ। ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ਜੋ ਸਭ ਦਾ ਆਸਰਾ ਹੈ। ਸਾਰਾ ਜਗਤ ਉਸ ਦੇ ਆਸਰੇ ਮੌਲਦਾ ਹੈ। ਜਿਨ੍ਹਾਂ ਜੀਵ ਇਸਤ੍ਰੀਆਂ ਦਾ ਪ੍ਰਭੂ-ਪਤੀ ਉਹਨਾਂ ਦੇ ਹਿਰਦੇ ਰੂਪੀ ਘਰ ਵਿੱਚ ਵਸਦਾ ਹੈ ਉਨ੍ਹਾਂ ਦੇ ਹਿਰਦੇ ਸਦੀਵੀ ਖੇੜੇ ਵਿੱਚ ਰਹਿੰਦੇ ਹਨ। ਜਿਵੇਂ ਸਮਾਜ ਵਿੱਚ ਪਤੀ ਤੋਂ ਵਿਹੂਣੀ ਇਸਤ੍ਰੀ ਹਰ ਤਰ੍ਹਾਂ ਦੇ ਸੰਸਾਰਕ ਸੁਖ-ਅਰਾਮ ਤੇ ਸਹੂਲਤਾਂ ਦੇ ਹੁੰਦਿਆਂ ਹੋਇਆਂ ਵੀ ਸੁਖੀ ਜੀਵਨ ਨਹੀਂ ਜਿਉ ਸਕਦੀ ਤਿਵੇਂ ਹੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੀ ਹੋਂਦ ਦੇ ਅਨੁਭਵ ਤੋਂ ਬਿਨਾਂ ਅਨੰਦ ਮਈ ਜੀਵਨ ਨਹੀਂ ਜਿਉਂ ਸਕਦੀ। ਜਿਸ ਜੀਵ-ਇਸਤ੍ਰੀ ਤੇ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ ਉਸ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਉਸ ਲਈ ਹਰ ਸਮਾਂ ਸੁਹਾਵਣਾ ਹੋ ਜਾਂਦਾ ਹੈ। ਗੁਰਦੇਵ ਫੁਰਮਾਨ ਕਰਦੇ ਹਨ -

*ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥*
*ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥*
*ਅੰਗ - ੧੧੦੯*

---

## *(ਪੰਨਾ 32 ਦੀ ਬਾਕੀ)*

ਗੁਰੂ ਕਰਤਾ ਹਰਿ ਰਾਇ, ਸੱਚ ਦੇ ਪਾਲਣਹਾਰ ਵੀ ਹਨ ਤੇ ਸੱਚ ਦੇ ਧਾਰਨੀ ਵੀ।

ਸੁਲਤਾਨ ਵੀ ਹਨ, ਦਰਵੇਸ਼ ਵੀ। ਗੁਰੂ ਕਰਤਾ ਹਰਿ ਰਾਇ ਲੋਕ ਪ੍ਰਲੋਕ ਦੋਹਾਂ ਜਹਾਨਾਂ ਦੇ ਸਰਦਾਰ ਹਨ। ਦਰਗਾਹ ਦੇ ਪਿਆਰੇ ਹਨ ਗੁਰੂ ਹਰਿ ਰਾਇ।

ਉਨ੍ਹਾਂ ਦਾ ਨਾਮ ਸਖਾਵਤ ਦਾ ਸੂਚਕ ਹੈ। ਸਾਧਾਂ ਲਈ ਅਮਰ ਰਸ ਹੈ। ਗੁਰੂ ਕਰਤਾ ਹਰਿ ਰਾਇ ਜੀ ਦੇ ਵਾਕਾਂ 'ਤੇ ਤੁਰਿਆਂ ਸੱਚ ਦੀ ਪਾਤਸ਼ਾਹੀ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਹਰਿ ਰਾਇ ਕਮਜ਼ੋਰਾਂ ਅਤੇ ਨਿਆਸਰਿਆਂ ਦੇ ਸਹਾਰਾ ਹਨ -

ਯਾਰਿ ਮੁਤਜ਼ਰੀਆਂ ਗੁਰ ਕਰਤਾ ਹਰਿ ਰਾਇ॥

# ਸ਼ਹੀਦੀ ਸਾਕਾ ਨਨਕਾਣਾ ਸਾਹਿਬ

*[ਸ. ਦੀਦਾਰ ਸਿੰਘ ਜੀ]*

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਜਦ ਸਿੰਘਾਂ ਉੱਪਰ ਬਹੁਤ ਜ਼ੁਲਮ ਹੋਣ ਲੱਗੇ, ਇਨ੍ਹਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਾਂ ਉਸ ਔਖੇ ਸਮੇਂ ਤੋਂ ਬਚਣ ਲਈ ਇਕ ਤਰੀਕਾ ਇਹ ਵਰਤਿਆ ਗਿਆ ਕਿ ਸਾਰੀ ਕੌਮ ਸ਼ਹਿਰ ਅਤੇ ਪਿੰਡ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿਚ ਚਲੀ ਗਈ। ਉਸ ਸਮੇਂ ਸਾਡੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਸਾਧ ਕਰਨ ਲੱਗ ਪਏ।

ਇਹ ਸਾਧ ਸੇਵਾ ਦੇ ਪੁੰਜ ਅਤੇ ਬੜੇ ਭਜਨ-ਬੰਦਗੀ ਵਾਲੇ ਉਪਕਾਰੀ ਸਨ। ਪਰ ਸਮੇਂ ਦੇ ਬਦਲਣ ਨਾਲ ਇਨ੍ਹਾਂ ਵਿਚ ਵੀ ਕਮਜ਼ੋਰੀਆਂ ਦਿਨੋ ਦਿਨ ਵਧਦੀਆਂ ਗਈਆਂ। ਇਨ੍ਹਾਂ ਸਾਧਾਂ ਨੂੰ ਮਹੰਤ ਕਿਹਾ ਜਾਂਦਾ ਸੀ। ਅੰਗਰੇਜ਼ਾਂ ਦੇ ਰਾਜ ਸਮੇਂ ਇਨ੍ਹਾਂ ਵਿਚ ਕਈ ਸ਼ਰਾਬੀ-ਕਬਾਬੀ ਅਤੇ ਭੈੜੇ ਆਚਰਣ ਵਾਲੇ ਹੋ ਗਏ।

ਇਨ੍ਹਾਂ ਮਹੰਤਾਂ ਵਿੱਚੋਂ ਇਕ ਮਹੰਤ ਨਾਰਾਇਣ ਦਾਸ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪੁਜਾਰੀ ਸੀ, ਜੋ ਕਿ ਸ਼ਰਾਬਾਂ ਪੀਂਦਾ, ਵੇਸਵਾ ਦੇ ਨਾਚ ਮੁਜਰੇ ਵੇਖਦਾ ਅਤੇ ਹੋਰ ਕਈ ਮਾੜੇ ਕੰਮ ਕਰਦਾ ਸੀ। ਜਦ ਇਸ ਦੇ ਹੁੰਦਿਆਂ ਦਰਸ਼ਨਾਂ ਲਈ ਆਏ ਯਾਤਰੂਆਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਲੁੱਟੀ ਜਾਣ ਲੱਗੀ ਤਾਂ ਸਾਰੇ ਸਿੱਖ ਜਗਤ ਵਿਚ ਹਾਹਾਕਾਰ ਮਚ ਗਈ।

ਉਸ ਸਮੇਂ ਗੁਰਦੁਆਰਿਆਂ ਨੂੰ ਇਹੋ ਜਿਹੇ ਮਹੰਤਾਂ ਤੋਂ ਛੁਡਾਉਣ ਲਈ ਇਕ ਲਹਿਰ ਚੱਲੀ, ਜਿਸ ਨੂੰ ਅਕਾਲੀ ਲਹਿਰ ਕਿਹਾ ਜਾਂਦਾ ਸੀ। ਇਸ ਲਹਿਰ ਨੇ ਕਈ ਗੁਰਦੁਆਰੇ ਮਹੰਤਾਂ ਤੋਂ ਛੁਡਵਾ ਲਏ ਸਨ। ਮਹੰਤ ਨਾਰਾਇਣ ਦਾਸ ਨੇ ਇਸੇ ਡਰ ਦੇ ਮਾਰੇ ਆਪਣੇ ਕੋਲ ਕਈ ਡਾਕੂ, ਬਦਮਾਸ਼ ਅਤੇ ਪਠਾਣ, ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਨੌਕਰ ਰੱਖ ਲਏ।

ਇਹ ਵੇਖ ਕੇ ਨਨਕਾਣਾ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਿੱਖਾਂ ਦੀ ਗ਼ੈਰਤ ਜਾਗੀ। ਉਨ੍ਹਾਂ ਨੇ ਅੰਦਰੋਂ ਅੰਦਰ ਸਲਾਹ ਕਰ ਕੇ ਹਜ਼ਾਰਾਂ ਦੀ ਗਿਣਤੀ ਵਿਚ ਇਕ ਰਾਤ ਇਕੱਠੇ ਹੋ ਕੇ ਤੇ ਅਚਾਨਕ ਗੁਰਦੁਆਰੇ ਵਿਚ ਦਾਖ਼ਲ ਹੋ ਕੇ ਕਬਜ਼ਾ ਕਰਨ ਦੀ ਸਲਾਹ ਬਣਾ ਲਈ।

ਪਰ ਐਨ ਮੌਕੇ ਤੇ ਸਿੱਖ ਲੀਡਰਾਂ (ਸ਼੍ਰੋਮਣੀ ਕਮੇਟੀ) ਨੂੰ ਪਤਾ ਲੱਗ ਜਾਣ ਤੇ ਉਨ੍ਹਾਂ ਨੇ ਇਸ ਤਰ੍ਹਾਂ ਕਰਨ ਦੀ ਮਨਾਹੀ ਕਰ ਦਿੱਤੀ, ਕਿਉਂਕਿ ਕਮੇਟੀ ਦੀ ਅੰਗਰੇਜ਼ ਸਰਕਾਰ ਅਤੇ ਮਹੰਤਾਂ ਨਾਲ ਇਸ ਵਿਸ਼ੇ ਤੇ ਗੱਲਬਾਤ ਚੱਲ ਰਹੀ ਸੀ।

ਇਲਾਕੇ ਦੇ ਮੁਖੀਆਂ ਨੇ ਪੰਥਕ ਆਗੂਆਂ ਦੇ ਹੁਕਮ ਅਨੁਸਾਰ ਥਾਉਂ ਥਾਈਂ ਜਥਿਆਂ ਨੂੰ ਨਿਯਤ ਸਮੇਂ ਉੱਤੇ, ਨਿਯਤ ਥਾਂ ਤੇ ਪੁੱਜਣ ਤੇ ਰੋਕ ਲਿਆ। ਪਰ ਪਿੰਡ ਧਾਲੋਵਾਲੀ (ਸ਼ੇਖ਼ੂਪੁਰਾ) ਦੇ ਜੱਥੇ, ਜਿਸ ਦੇ ਮੁਖੀ ਭਾਈ ਲਛਮਣ ਸਿੰਘ ਜੀ ਸਨ, ਨੂੰ ਪਹਿਲਾਂ ਇਤਲਾਹ ਨਾ ਪੁੱਜੀ।

ਇਹ ਜੱਥਾ ਪਿੰਡ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਅਰਦਾਸ ਕਰ ਕੇ ਚੱਲਿਆ ਸੀ ਕਿ ਜਾਂ ਤਾਂ ਸ਼ਹੀਦੀ ਪਾਵਾਂਗੇ ਜਾਂ ਗੁਰਦੁਆਰੇ ਨੂੰ ਮਹੰਤ ਤੋਂ ਆਜ਼ਾਦ ਕਰਵਾਵਾਂਗੇ।

ਜਦ ਇਹ ਜਥਾ ਨਨਕਾਣਾ ਸਾਹਿਬ ਦੀ ਜੂਹ ਵਿਚ ਪੁੱਜਾ ਤਾਂ ਇਸ ਨਾਲ 200 ਸਿੰਘ ਸਨ। ਇਨ੍ਹਾਂ ਤੋਂ ਜਥੇਦਾਰ ਨੇ ਅੱਗੇ ਦਾ ਸਾਰਾ ਹਾਲ ਦੱਸ ਕੇ ਕਿ ਉਥੇ ਗੁੰਡਿਆਂ ਨੇ ਹਮਲਾ ਵੀ ਕਰਨਾ ਹੈ, ਪੂਰਨ ਸ਼ਾਂਤਮਈ ਰਹਿਣ ਲਈ ਪ੍ਰਣ ਲਿਆ।

ਜੱਥੇ ਨੇ ਨਨਕਾਣਾ ਸਾਹਿਬ ਨਗਰ ਦੀ ਹੱਦ ਵਿਚ ਦਾਖ਼ਲ ਹੋਣ ਸਮੇਂ ਫੇਰ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ! ਅਸੀਂ ਤੇਰੇ ਦਰ ਦੇ ਕੂਕਰ ਤੇਰੇ ਦਰਬਾਰ ਦੇ ਦਰਸ਼ਨਾਂ ਨੂੰ ਆਏ ਹਾਂ ਅਤੇ ਇਹ ਇਰਾਦਾ ਕਰ ਕੇ ਆਏ ਹਾਂ ਕਿ ਤੇਰੇ ਦਰਬਾਰ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਦੇ ਕੇ ਧੋਈਏ। ਇਸ ਲਈ ਸੱਚੇ ਪਾਤਿਸ਼ਾਹ! ਤੂੰ ਬਲ ਬਖ਼ਸ਼ੀਂ ਤਾਂ ਜੁ ਅਸੀਂ ਇਸ ਇਰਾਦੇ ਵਿਚ ਸਫਲ ਹੋਈਏ ਅਤੇ ਇਹ ਮਿੱਟੀ ਦੀਆਂ ਮੜ੍ਹੋਲੀਆਂ (ਸਰੀਰ) ਤੇਰੇ ਚਰਨਾਂ ਵਿਚ ਲੱਗ ਜਾਣ।

ਜੱਥਾ ਅਰਦਾਸ ਕਰ ਕੇ ਤੁਰਨ ਹੀ ਲੱਗਾ ਸੀ ਕਿ ਪੰਥਕ ਆਗੂਆਂ ਦਾ ਸੁਨੇਹਾ ਪੁੱਜਾ ਅਤੇ ਵਾਪਸ ਪਰਤਣ ਲਈ ਜ਼ੋਰ ਲਾਇਆ ਗਿਆ। ਪਰ ਉਨ੍ਹਾਂ ਸਿੰਘਾਂ ਨੂੰ ਇਹ ਗੱਲ ਯਾਦ ਸੀ ਕਿ ਭਾਵੇਂ ਕੁਝ ਹੋ ਜਾਵੇ, ਸਿੱਖ ਅਰਦਾਸ ਕਰ ਕੇ ਕਦੇ ਵੀ ਪਿੱਛੇ ਨਹੀਂ ਹਟਦੇ। ਸੋ ਉਨ੍ਹਾਂ ਨੇ ਅਰਦਾਸ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਪਿੱਛੇ ਪਰਤਣ ਦਾ ਖ਼ਿਆਲ ਤਕ ਹੀ ਨਾ ਕੀਤਾ ਅਤੇ ਨਾ ਹੀ ਰੁਕ ਜਾਣਾ ਮੰਨਿਆ। ਉਸ ਵੇਲੇ ਉਨ੍ਹਾਂ ਦੇ ਦਿਲਾਂ ਵਿਚ

ਗੁਰਦੁਆਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਕੁਰਬਾਨੀ ਦਾ ਜੋਸ਼ ਠਾਠਾਂ ਮਾਰ ਰਿਹਾ ਸੀ।

ਜੱਥਾ ਸਾਰੀ ਰਾਤ ਪੈਦਲ ਸਫ਼ਰ ਕਰਨ ਮਗਰੋਂ ਸਵੇਰੇ ਗੁਰਦੁਆਰਾ ਜਨਮ-ਅਸਥਾਨ ਵਿਚ ਦਾਖ਼ਲ ਹੋ ਗਿਆ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠ ਗਏ ਅਤੇ ਬਾਕੀ ਸਿੰਘ ਸਾਹਮਣੇ ਬੈਠ ਕੇ ਆਸਾ ਦੀ ਵਾਰ ਦਾ ਪਾਠ ਕਰਨ ਲੱਗ ਪਏ।

ਮਹੰਤ ਸਾਰੀ ਕਾਰਵਾਈ ਦੇਖ ਰਿਹਾ ਸੀ। ਉਸ ਨੇ ਝੱਟ ਪੱਟ ਰੱਖੇ ਹੋਏ ਬੰਦਿਆਂ ਨੂੰ ਨਿਯਤ ਕਾਰਵਾਈ ਕਰਨ ਦਾ ਹੁਕਮ ਦੇ ਦਿੱਤਾ। ਉਨ੍ਹਾਂ ਨੌਕਰ ਰੱਖੇ ਹੋਏ ਪਠਾਣਾਂ ਅਤੇ ਬਦਮਾਸ਼ਾਂ ਨੇ ਨਿਹੱਥੇ ਸਿੰਘਾਂ ਉੱਤੇ ਤਾੜ ਤਾੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਲੱਗੀਆਂ।

ਭਾਈ ਦਲੀਪ ਸਿੰਘ ਜੀ ਉਸ ਵੇਲੇ ਉਥੇ ਹੀ ਇਕ ਕਾਰਖ਼ਾਨੇ ਵਿਚ ਸਨ। ਗੋਲੀਆਂ ਦੀ ਤਾੜ ਤਾੜ ਆਵਾਜ਼ ਸੁਣ ਕੇ ਉਨ੍ਹਾਂ ਦਾ ਖ਼ੂਨ ਉਬਲ ਉਠਿਆ ਅਤੇ ਉਹ ਨੱਠੇ ਨੱਠੇ ਜਨਮ-ਅਸਥਾਨ ਵੱਲ ਆਏ। ਪਰ ਬੇ-ਤਰਸ ਹਤਿਆਰੇ ਮਹੰਤ ਦੇ ਇਸ਼ਾਰੇ ਤੇ ਗੁੰਡਿਆਂ ਨੇ ਉਨ੍ਹਾਂ ਨੂੰ ਚੁੱਕ ਕੇ ਲਾਗੇ ਹੀ ਲਟ ਲਟ ਭਖ ਰਹੀ ਭੱਠੀ ਵਿਚ ਝੋਕ ਦਿੱਤਾ। ਇਉਂ ਉਹ ਉਥੇ ਹੀ ਸ਼ਹੀਦੀ ਜਾਮ ਪ੍ਰਾਪਤ ਕਰ ਕੇ ਆਪਣੀ ਆਹੂਤੀ ਦੇ ਗਏ।

ਜਦ ਸਾਰੇ ਸਿੰਘ ਗੋਲੀਆਂ ਲੱਗਣ ਨਾਲ ਡਿੱਗ ਪਏ ਤਾਂ ਮਹੰਤ ਆਪਣੇ ਆਦਮੀਆਂ ਸਮੇਤ ਉਥੇ ਨੇੜੇ ਪੁੱਜਾ ਅਤੇ ਬਰਛਿਆਂ ਗੰਡਾਸਿਆਂ ਨਾਲ ਫੱਟੜਾਂ, ਜਿਊਂਦਿਆਂ ਦੇ ਹੀ ਟੁਕੜੇ ਕਰਨ ਲੱਗਾ। ਚਾਰੋਂ ਪਾਸੇ ਖ਼ੂਨ ਦੇ ਫੁਹਾਰੇ ਚੱਲ ਪਏ। ਪਰ ਕੀ ਮਜਾਲ, ਇਸ ਸ਼ਹੀਦਾਂ ਦੀ ਕੌਮ ਦੇ ਕਿਸੇ ਇਕ ਵੀ ਜਵਾਨ ਨੇ 'ਹਾਏੜ ਆਖੀ ਹੋਵੇ ਜਾਂ 'ਸੀੜ ਕੀਤੀ ਹੋਵੇ। ਇਨ੍ਹਾਂ 'ਸੂਰਬੀਰ ਬਚਨ ਕੇ ਬਲੀੜ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਇਨ੍ਹਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਭਾਈ ਲਛਮਣ ਸਿੰਘ ਜੀ ਨੂੰ ਦਰੱਖ਼ਤ (ਜੰਡ) ਨਾਲ ਟੰਗ ਕੇ ਤੇਲ ਪਾ ਕੇ ਜਿਊਂਦਿਆਂ ਸਾੜਿਆ ਗਿਆ। ਇਸ ਸਾਕੇ ਵਿਚ 86 ਸਿੰਘ ਸ਼ਹੀਦੀ ਪਾ ਗਏ ਸਿੰਘਾਂ ਦੇ ਨਾਂ-ਪਤੇ ਮਿਲਦੇ ਹਨ।

ਇਸ ਤਰ੍ਹਾਂ ਇਨ੍ਹਾਂ ਮਹਾਨ ਸ਼ਹੀਦਾਂ ਨੇ ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਕੁਰਬਾਨੀ ਦੀ ਭਾਵਨਾ ਨੂੰ ਮੁੜ ਨਵੇਂ ਸਿਰਿਓਂ ਸੁਰਜੀਤ ਕਰ ਦਿੱਤਾ। ਇਹ ਸ਼ਹੀਦੀ ਸਾਕਾ 21 ਫ਼ਰਵਰੀ, 1921 ਨੂੰ ਸਵੇਰੇ 6 ਵਜੇ ਵਰਤਿਆ ਸੀ। ਉਸ ਦਿਨ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀਆਂ ਦੇਣ ਵਾਲਿਆਂ ਦੀ ਕੁਰਬਾਨੀ ਸਾਡੀ ਰੋਜ਼ ਦੀ ਅਰਦਾਸ ਵਿਚ ਸ਼ਾਮਲ ਹੋ ਗਈ।

*(ਪੰਨਾ 15 ਦੀ ਬਾਕੀ)*

ਫੋਕਟ ਕਰਮ-ਧਰਮ ਨੂੰ ਠੁਕਰਾ ਕੇ ਕੇਵਲ ਇਕ ਅਕਾਲ ਦੀ ਪੂਜਾ ਕਰੇ। ਗੁਰਮਤਿ ਦੀ ਵਿਲੱਖਣਤਾ ਹੀ ਇਹੋ ਹੈ-

*ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ।*
*ਰਾਮ, ਰਹੀਮ, ਪੁਰਾਨ, ਕੁਰਾਨ, ਅਨੇਕ ਕਹੈਂ ਮਤ, ਏਕ ਨ ਮਾਨਯੋ।*
*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈ, ਹਮ ਏਕ ਨ ਜਾਨਯੋ।...... (ਯਾ ਸ੍ਰੀ ਮੁਖ ਵਾਕ ਪਾ: ੧੦)*

ਗੁਰਮਤਿ ਦੀ ਇਹ ਗੌਰਵਤਾ ਹੈ ਕਿ ਇਕ ਅਕਾਲ ਪੁਰਖ ਤੋਂ ਬਿਨਾਂ ਉਸ ਨੇ ਕਿਸੇ ਹੋਰ ਅੱਗੇ ਸਿਰ ਝੁਕਾਣ ਲਈ ਨਹੀਂ ਪ੍ਰੇਰਿਆ। 'ਹਮਰਾ ਠਾਕੁਰੁ ਸਭ ਤੇ ਊਚਾ' (ਅੰਗ - ੪੦੪) ਕਹਿ ਕੇ ਜਗਿਆਸੂ ਦੇ ਮਨ ਵਿਚ ਇਕ ਉਚੇਰੇ ਕਿਸਮ ਦਾ ਸਵੈ-ਭਰੋਸਾ (self confidence) ਤੇ ਅਕਾਲ-ਭਰੋਸਾ (trust in God Almighty) ਪੈਦਾ ਕੀਤਾ ਹੈ ਤੇ ਇਹ ਦ੍ਰਿੜ ਕਰਵਾਇਆ ਹੈ ਕਿ ਪ੍ਰਭੂ-ਪਿਤਾ ਸਦਾ ਹੀ ਆਪਣੇ ਭਗਤ ਦੇ ਅੰਗ-ਸੰਗ ਰਹਿੰਦਾ ਹੈ।

*ਦੁਕਾਲੰ ਪ੍ਰਣਾਸੀ, ਦਿਆਲੰ ਸਰੂਪੇ॥*
*ਸਦਾ ਅੰਗ ਸੰਗੇ ਅਭੰਗੰ ਬਿਭੂਤੇ॥੧੯੯॥*
*(ਜਾਪੁ ਸ੍ਰੀ ਮੁਖ ਵਾਕ ਪਾ: ੧੦)*

*ਭਗਤ ਜਨਾ ਕੀ ਪੈਜ ਹਰਿ ਰਾਖੈ ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ॥ ਅੰਗ - ੧੩੨੧*

*ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥ ਅੰਗ - ੮੩੦*

*ਆਪਣਿਆਂ ਭਗਤਾ ਕੀ ਰਖ ਕਰੇ ਹਰਿ ਸੁਆਮੀ, ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥ ਅੰਗ - ੩੦੮*

ਉਹ ਸਤਿ ਸਰੂਪ ਹੈ, ਨਾਮ ਸਰੂਪ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਪਰਮ ਪੁਰਖ ਹੈ, ਨਿਰਭਉ ਤੇ ਨਿਰਵੈਰ ਹੈ, ਜਨਮ ਮਰਨ ਤੋਂ ਰਹਿਤ ਹੈ, ਉਹ ਸੁਤੇ-ਪ੍ਰਕਾਸ਼ ਹੈ, (ਆਪੀਨੈ ਆਪੁ ਸਾਜਿਓ) ...।

ਇਉਂ ਜਿਨ੍ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਸਾਹਿਬਾਨ ਤੇ ਆਪਣਾ ਈਮਾਨ ਲਿਆਂਦਾ, ਉਹਨਾਂ ਨੇ ਫੋਕਟ ਕਰਮ ਧਰਮ ਦਾ ਰਾਹ ਛੱਡ ਦਿਤਾ ਤੇ ਕੇਵਲ ਇਕ ਅਕਾਲ ਪੁਰਖ ਦੀ ਬੰਦਗੀ ਵਿਚ ਜੁਟ ਗਏ -

*ਜਿਨ ਕੀ ਲਿਵ ਹਰਿ ਚਰਨਨ ਲਾਗੀ॥*
*ਤੇ ਬੇਦਨ ਤੇ ਭਏ ਤਿਆਗੀ॥੧੯॥*
*ਜਿਨ ਮਤ ਬੇਦ ਕਤੇਬਨ ਤਿਆਗੀ॥*
*ਪਾਰਬ੍ਰਹਮ ਕੇ ਭਏ ਅਨੁਰਾਗੀ..॥੨੦॥*
*(ਬਚਿਤ੍ਰ ਨਾਟਕ, ਪਾ: ੧੦, ਅਧਿ: ੬)*

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਤੀਸਰੀ ਸਾਲਾਨਾ ਯਾਦ ਤੋਂ ਉਨ੍ਹਾਂ ਦੀ ਸਿੰਘਣੀ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ ਜੀ ਦੀ ਪਹਿਲੀ ਸਾਲਾਨਾ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ | 50,000.00 |
| ◆ ਭਾਈ ਦਵਿੰਦਰ ਸਿੰਘ ਜੀ ਤੇ ਭਾਈ ਨਿਰਮਲਜੀਤ ਸਿੰਘ ਜੀ, ਜੀਰਕਪੁਰ | 5,000.00 |
| ◆ ਭਾਈ ਪ੍ਰਿਆਦੀਪ ਸਿੰਘ ਜੀ, ਜਲੰਧਰ | 1,100.00 |
| ◆ ਭਾਈ ਪ੍ਰੇਮ ਸਿੰਘ ਜੀ, ਚੰਡੀਗੜ੍ਹ | 6,500.00 |
| ◆ ਭਾਈ ਮਨਪ੍ਰੀਤ ਸਿੰਘ ਜੀ ਦੇ ਘਰ ਸਮਾਗਮ ਵੇਲੇ ਘੋਲਕ ਦੀ ਮਾਇਆ | 4,568.00 |
| ◆ ਭਾਈ ਸੌਦਾਗਰ ਸਿੰਘ ਜੀ ਤੇ ਭਾਈ ਸਤਨਾਮ ਸਿੰਘ ਜੀ, ਖਰੜ | 5,100.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 10,000.00 |
| **ਕੁਲ ਜੋੜ** | **82,268.00** |

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| 5. Previous balance | 5,711.00 |
| **Total Expenditure upto 31.01.2024** | **66,311.00** |
| Donation | 82,268.00 |
| Membership | – |
| **Total Income** | **82,268.00** |
| **Expenditure** | **66,311.00** |
| **Income** | **82,100.00** |
| **Difference (Cash in hand)** | **(+) 15,957.00** |

| | |
|---|---|
| ਸੰਗਰਾਂਦ | 13 ਫਰਵਰੀ |
| ਪੂਰਨਮਾਸ਼ੀ | 24 ਫਰਵਰੀ |
| ਮੱਸਿਆ | 9 ਫਰਵਰੀ |
| ਪੰਚਮੀ | 14 ਫਰਵਰੀ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 22 ਫਰਵਰੀ |

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

ਗੁਰਮਤਿ ਰਹਿਤ ਰਹਿਣੀ ਵਿੱਚ ਪ੍ਰਪੱਕ ਰਹਿ ਕੇ ਪੰਥ ਦੀ ਸੇਵਾ ਕਰਨ ਵਾਲੇ
ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਵਿੱਚ

# ਸਾਲਾਨਾ ਅਖੰਡ ਕੀਰਤਨ ਸਮਾਗਮ ਬਠਿੰਡਾ

## 28 ਫਰਵਰੀ ਤੋਂ 3 ਮਾਰਚ 2024 ਸਵੇਰ ਤੱਕ

| | |
|---|---|
| 28 ਫਰਵਰੀ 2024<br>ਦਿਨ ਬੁੱਧਵਾਰ | ਆਸਾ ਦੀ ਵਾਰ ਕੀਰਤਨ ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤੱਕ<br>ਉਪਰੰਤ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ, ਗੁ: ਸਿੰਘ ਸਭਾ, ਬਠਿੰਡਾ |
| 1 ਮਾਰਚ 2024<br>ਦਿਨ ਸ਼ੁੱਕਰਵਾਰ (ਸਵੇਰੇ) | ਭੋਗ ਸ਼੍ਰੀ ਅਖੰਡ ਪਾਠ ਸਾਹਿਬ ਅਤੇ ਦਿਵਸ ਸੁਹੇਲਾ<br>ਦੁਪਹਿਰ 12 ਵਜੇ ਤੱਕ, ਗੁ: ਸਿੰਘ ਸਭਾ, ਬਠਿੰਡਾ |
| 1 ਮਾਰਚ 2024<br>ਦਿਨ ਸ਼ੁੱਕਰਵਾਰ (ਸ਼ਾਮ) | ਅਖੰਡ ਕੀਰਤਨ ਸਮਾਗਮ ਸ਼ਾਮ 4 ਵਜੇ ਤੋਂ 9 ਵਜੇ ਤੱਕ<br>ਗੁ: ਕਿਲਾ ਮੁਬਾਰਕ ਪਾਤਸ਼ਾਹੀ 10ਵੀਂ |
| 2 ਮਾਰਚ 2024<br>ਦਿਨ ਸ਼ਨੀਵਾਰ | ਅਖੰਡ ਕੀਰਤਨ ਸਮਾਗਮ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ<br>ਤਖ਼ਤ ਸ਼੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਹੋਣਗੇ |

## ਕੀਰਤਨ ਰੈਣਿ ਸਬਾਈ 2 ਮਾਰਚ 2024

ਸ਼ਾਮ 6 ਵਜੇ ਤੋਂ ਅਗਲੀ ਸਵੇਰ 5 ਵਜੇ ਤੱਕ, ਗੁ: ਸਿੰਘ ਸਭਾ, ਬਠਿੰਡਾ

ਅੰਮ੍ਰਿਤ ਵੇਲਾ ਸਮਾਗਮ
ਹਰ ਰੋਜ਼ 12 ਵਜੇ ਤੋਂ 3 ਵਜੇ ਤੱਕ
ਗੁ: ਸਿੰਘ ਸਭਾ ਵਿਖੇ

ਅੰਮ੍ਰਿਤ ਸੰਚਾਰ ਸਮਾਗਮ
2 ਮਾਰਚ ਸ਼ਾਮ 6 ਵਜੇ
ਆਰੰਭ ਹੋਣਗੇ।

ਸਿੱਧਾ ਪ੍ਰਸਾਰਨ www.akg.org ਤੇ ਦੇਖ ਸਕਦੇ ਹੋ।

ਨੋਟ: ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਗੁ: ਸਿੰਘ ਸਭਾ ਬਠਿੰਡਾ ਤੋਂ ਬੱਸਾਂ ਜਾਣਗੀਆਂ

ਰਿਹਾਇਸ਼ ਅਤੇ ਲੰਗਰ ਗੁਰਦੁਆਰਾ ਸਿੰਘ ਸਭਾ ਬਠਿੰਡਾ ਵਿਖੇ।

ਵਿਸ਼ੇਸ਼ ਸਹਿਯੋਗ: ਸ਼੍ਰੋ:ਗੁ:ਪ੍ਰੰ: ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ
ਅਤੇ ਗੁ: ਪ੍ਰਬੰਧਕ ਕਮੇਟੀ ਸਿੰਘ ਸਭਾ ਬਠਿੰਡਾ, ਦਾਸਰੇ ਅਖੰਡ ਕੀਰਤਨੀ ਜੱਥਾ ਅਤੇ ਸਮੂਹ ਸਾਧ ਸੰਗਤ ਬਠਿੰਡਾ

ਮੋਬ. 94632-14774, 98724-48866, 98150-17227, 78889-40067, 99888-52074

# ਸੱਦਾ ਪੱਤਰ

## ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ
## ਸ਼ਹੀਦੀ ਨੂੰ ਸਮਰਪਿਤ
## ਮੋਗਾ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ

| | | |
|---|---|---|
| 26-03-2024 | ਮੰਗਲਵਾਰ ਸ਼ਾਮ 6 ਤੋਂ 10:30 | ਭਾਈ ਪ੍ਰੀਤਮ ਸਿੰਘ ਜੀ (ਜਾਗਰੀ ਜੁਸ ਵਾਲੇ) ਗਲੀ ਨੰਬਰ 3, ਜੁਝਾਰ ਨਗਰ ਮੋਗਾ । |
| 27-03-2024 | ਬੁੱਧਵਾਰ ਸ਼ਾਮ 6 ਤੋਂ 10:30 | ਗੁਰਦੁਆਰਾ ਬਾਬਾ ਕਿਸ਼ਨ ਸਿੰਘ ਜੀ, ਨਾਨਕ ਨਗਰੀ, ਮੋਗਾ । |
| 28-03-2024 | ਵੀਰਵਾਰ ਸ਼ਾਮ 6 ਤੋਂ 10:30 | ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਗੋਬਿੰਦਗੜ ਬਸਤੀ, ਮੋਗਾ । |
| 29-03-2024 | ਸ਼ੁਕਰਵਾਰ ਸ਼ਾਮ 6 ਤੋਂ 10:30 | ਗੁਰਦੁਆਰਾ ਕਲਗੀਧਰ, ਦੱਤ ਰੋਡ (ਵੱਲੋਂ ਭਾਈ ਇੰਦਰਜੀਤ ਸਿੰਘ ਸਟਾਰ ਰੇਡੀਓ) ਮੋਗਾ । |
| 30-03-2024 | ਸ਼ਨੀਵਾਰ ਸਵੇਰੇ 7:30 ਤੋਂ 1:30 | ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ, ਦੁਸਾਂਝ ਰੋਡ, ਮੋਗਾ । |

**ਅੰਮ੍ਰਿਤ ਸੰਚਾਰ 30-03-2024 ਸ਼ਨੀਵਾਰ ਸ਼ਾਮੀ 6 ਵਜੇ ।**

## ਰੈਣਸਬਾਈ ਕੀਰਤਨ

**ਪ੍ਰਾਰੰਭ 30 ਮਾਰਚ 2024 ਸ਼ਨੀਵਾਰ ਸ਼ਾਮੀ 5:30 ਵਜੇ**
**ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ ਹੋਣਗੇ ਸਮਾਪਤੀ**
**31 ਮਾਰਚ ਸਵੇਰੇ 5:30 ਵਜੇ ਹੋਵੇਗੀ ।**

ਨੋਟ:
1) ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਪਹਿਲਾਂ ਪਹੁੰਚਣ ਜੀ ।
2) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ ।
3) ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁ: ਸਾਹਿਬ ਵਿੱਚ ਹੋਵੇਗਾ ਜੀ ।
4) ਬਿਨਾ ਆਗਿਆ ਪ੍ਰਬੰਧ ਵਿੱਚ ਦਖ਼ਲ ਦੇਣ ਜੀ ਖੇਚਲ ਨਾ ਕੀਤੀ ਜਾਵੇ ਜੀ ।

**ਟਰਾਂਸਪੋਰਟ ਲਈ :** 99886-62529, 99885-11287, 98551-38760, 98726-92659

**ਪੁੱਛ-ਗਿੱਛ ਲਈ :** 95307-18001, 94171-76032, 94171-05838, 88723-09092

**ਸਹਿਯੋਗ:** ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਗੁ: ਪ੍ਰਬੰਧਕ ਕਮੇਟੀਆਂ

ਰੈਣਸਬਾਈ ਕੀਰਤਨ ਦਾ ਸਿੱਧਾ ਪ੍ਰਸਾਰਣ akj.org ਤੇ ਕੀਤਾ ਜਾਵੇਗਾ ਜੀ ।

## ਦਾਸਰੇ: ਅਖੰਡ ਕੀਰਤਨੀ ਜੱਥਾ ਮੋਗਾ

ਇਸ਼ਤਿਹਾਰਾਂ ਦੀ ਸੇਵਾ :- ਸ਼ੇਰੇ ਪੰਜਾਬ ਕਲਾਥ ਹਾਊਸ, ਮੇਨ ਬਜ਼ਾਰ, ਮੋਗਾ - 94176-88881

## ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ
### ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਰਣਧੀਰ ਸਿੰਘ ਨਗਰ ਲੁਧਿਆਣਾ

ਸਮੂੰਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਿਤੀ 04.07.2024 ਤੋਂ ਲੈ ਕੇ 07.07.2024 ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟੱਰਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਨਾਇਆ ਜਾਵੇਗਾ।

**ਦਾਸਰੇ**

**ਅਖੰਡ ਕੀਰਤਨੀ ਜੱਥਾ ਅਤੇ ਭਾਈ ਰਣਧੀਰ ਸਿੰਘ ਟੱਰਸਟ, ਲੁਧਿਆਣਾ**

98151-56014, 98144-98011, 98156-11924, 98143-00245

## ਸਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ
## ਸ੍ਰੀ ਅਨੰਦਪੁਰ ਸਾਹਿਬ

ਸਮੂੰਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ ਮਿਤੀ 23.03.2024 ਤੋਂ 26.03.2024 ਤਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ। ਵੇਰਵਾ ਅਗਲੇ ਪਰਚੇ ਵਿੱਚ ਦੇਖੋ ਜੀ।

**ਦਾਸਰੇ**

**ਅਖੰਡ ਕੀਰਤਨੀ ਜੱਥਾ ਸ੍ਰੀ ਅਨੰਦਪੁਰ ਸਾਹਿਬ**

96461-17772, 98153-01010, 98767-08961, 98143-00245








ਭਾਈ ਸਾਹਿਬ ਭਾਈ ਇੰਦਰਜੀਤ ਸਿੰਘ ਜੀ, ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, ਦਿਆਲਪੁਰ ਤੇ ਕਰਤਾਰਪੁਰ ਤੇ ਜੱਥੇ ਦੇ ਨਾਮਵਰ ਕੀਰਤਨੀਏ ਜੋ ਮਿਤੀ 24.12.2023 ਨੂੰ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਨਮਿਤ ਅੰਤਿਮ ਅਰਦਾਸ ਮਿਤੀ 02.01.2024 ਦਿਨ ਮੰਗਲਵਾਰ ਨੂੰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਉਪਰੰਤ 9 ਵਜੇ ਤੋਂ ਲੈ ਕੇ 3 ਵਜੇ ਤਕ ਗੁਰਦੁਆਰਾ ਸਾਹਿਬ ਦਿਆਲਪੁਰ ਵਿਖੇ ਹੋਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਸ ਪਿਆਰੇ ਨੂੰ ਅਸੀਸਾਂ ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ ਕਿ ਉਹ ਇਸ ਪਿਆਰੇ ਨੂੰ ਆਵਾਗਮਨ ਦੇ ਚੱਕਰ ਤੋਂ ਬਚਾ ਕੇ ਸਦਾ ਲਈ ਅਪਨੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮਨਣ ਦਾ ਬਲ ਬਖਸ਼ਣ

## ਅਨੰਦੁ ਅਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
## ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥













ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਤੇ ਉਨ੍ਹਾਂ ਦੀ ਸਿੰਘਣੀ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ ਜੀ ਦੀ ਪਹਿਲੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 07 ਜਨਵਰੀ 2024 ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਹਿ ਵਿਖੇ ਮਨਾਈ ਗਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

Registered with the Registrar
of News Papers of India
Regd. No. R-70727/99

# ATAM RANG
## Feb.- 2024

Postal Regd. No.
CHDG/0025/2024-26

ਰਾਮ ਰਾਮ ਕੀਰਤਨੁ ਗਾਇ ॥ ਰਮਤ ਰਾਮੁ ਸਭ ਰਹਿਓ ਸਮਾਇ ॥
ਭਗਤਿ ਭਾਈ ਹਰਿ ਕੀਰਤਨੁ ਕਰੀਐ ।।॥








ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ। ਜਿਨ੍ਹਾਂ ਦੀ ਸਲਾਨਾ ਮਿੱਠੀ ਤੇ ਨਿੱਘੀ ਯਾਦ ਤੇ ਉਨ੍ਹਾਂ ਦੀ ਸਿੰਘਣੀ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ ਜੀ ਦੀ ਪਹਿਲੀ ਯਾਦ ਸਮੂਹ ਅਖੰਡ ਕੀਰਤਨੀ ਜੱਥਿਆਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਮਿਤੀ 07 ਜਨਵਰੀ 2024 ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਲੈ ਕੇ ਦੁਪਹਿਰ ਤਕ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਉਨ੍ਹਾਂ ਦੇ ਗ੍ਰਹਿ ਵਿਖੇ ਮਨਾਈ ਗਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

Design & Print: Jai Offset Printers 0172-4616905